ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/1948995821245 31/

You Tube https://youtu.be/LQwolgxDu7l

awazeqaumtvpunjab@gmail.com

ਸ਼ੁੱਕਰਵਾਰ, 18 ਜੁਲਾਈ 2025 (ਨਾਨਕਸ਼ਾਹੀ ਸੰਮਤ : ੫੫੭, ੩ ਸਾਵਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਮੁੱਖ ਮੰਤਰੀ ਦੀ ਪੁਲਿਸ ਅਧਿਕਾਰੀਆਂ ਨਾਲ ਹਾਈ ਲੈਵਲ ਮੀਟਿੰਗ, ਕਾਨੂੰਨ ਵਿਵਸਥਾ 'ਤੇ ਮੰਗੀ ਰਿਪੋਰਟ, ਹੋਰ ਵੀ ਮੁੱਦਿਆਂ 'ਤੇ ਬਣਾਈ ਰਣਨੀਤੀ

**ਚੰਡੀਗੜ੍ਹ, 17 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਦੀ ਕਾਨੂੰਨ-ਵਿਵਸਥਾ 'ਤੇ ਉੱਚ ਪੱਧਰੀ ਮੀਟਿੰਗ ਸੱਦੀ। ਇਹ ਮੀਟਿੰਗ ਮੁੱਖ ਮੁੱਖ ਮੰਤਰੀ ਮਾਨ ਦੀ ਅਗਵਾਈ 'ਚ ਹੋਈ। ਇਹ ਮੀਟਿੰਗ ਅੱਜ ਚੰਡੀਗੜ੍ਹ ਸਥਿਤ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਹੋਈ। ਮੀਟਿੰਗ 'ਚ ਡੀ.ਜੀ.ਪੀ. ਗੌਰਵ ਯਾਦਵ ਅਤੇ ਹੋਰ ਸੀਨੀਅਰ ਪੁਲਿਸ ਅਧਿਕਾਰੀ ਮੌਜੂਦ ਰਹੇ। ਮੁੱਖ ਮੰਤਰੀ ਨੇ ਅਧਿਕਾਰੀਆਂ ਤੋਂ ਸੂਬੇ ਦੀ ਮੌਜੂਦਾ ਕਾਨੂੰਨ ਵਿਵਸਥਾ ਦੀ ਸਥਿਤੀ ਨੂੰ ਲੈਕੇ ਰਿਪੋਰਟ ਮੰਗੀ। ਮੁੱਖ ਮੰਤਰੀ ਨੇ ਹੁਕਮ ਦਿੱਤੇ ਕਿ ਸੂਬੇ ਵਿੱਚ ਸੁਰੱਖਿਅਤ ਮਾਹੌਲ ਬਣਾਈ ਰੱਖਣ ਲਈ ਸਾਰੇ ਪ੍ਰਬੰਧ ਕੀਤੇ ਜਾਣ। ਜਾਣਕਾਰੀ ਅਨੁਸਾਰ ਮੁੱਖ ਮੰਤਰੀ ਭਗਵੰਤ ਮਾਨ ਨੇ ਇਹ ਮੀਟਿੰਗ ਅਜਿਹੇ ਸਮੇਂ ਸੱਦੀ, ਜਦੋਂ ਵਿਰੋਧੀ ਧਿਰ ਕਾਨੂੰਨ ਵਿਵਸਥਾ ਦੇ ਮੁੱਦੇ 'ਤੇ ਸਰਕਾਰ ਨੂੰ ਲਗਾਤਾਰ ਘੇਰ ਰਹੀ ਹੈ। ਵਿਰੋਧੀ ਧਿਰ ਨੇ ਵਿਸ਼ੇਸ਼ ਸੈਸ਼ਨ ਵਿੱਚ ਵੀ ਇਹ ਮੁੱਦਾ ਚੁੱਕਿਆ ਸੀ। ਅਜਿਹੀ ਸਥਿਤੀ ਵਿੱਚ ਮੁੱਖ ਮੰਤਰੀ ਇਸ ਮਾਮਲੇ ਨੂੰ ਲੈ ਕੇ ਗੰਭੀਰ ਹੋ ਗਏ ਹਨ। ਇਸ ਮੀਟਿੰਗ ਵਿੱਚ ਅੱਠ ਨਵੇਂ ਡੀਜੀਪੀ ਵੀ ਮੌਜੂਦ ਸਨ, ਜਿਨ੍ਹਾਂ ਨੂੰ ਪਿਛਲੇ ਦਿਨੀਂ ਹੀ ਜਿੰਮੇਵਾਰੀ ਸੌਂਪੀ ਗਈ ਹੈ। ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ। ਮੁੱਖ ਮੰਤਰੀ ਨੇ ਹੁਕਮ ਦਿੱਤੇ ਕਿ ਰਾਜ 'ਚ ਸੁਰੱਖਿਅਤ ਮਾਹੌਲ ਬਣਾਈ ਰੱਖਣ ਲਈ ਪੂਰੇ ਇੰਤਜ਼ਾਮ ਕੀਤੇ ਜਾਣ।

### ਏਅਰ ਜਹਾਜ਼ ਹਾਦਸੇ 'ਚ ਸਾਹਮਣੇ ਆਈ ਰਿਪੋਰਟ ਦਾ ਦਾਅਵਾ

# ਕੈਪਟਨ ਨੇ ਬੰਦ ਕੀਤਾ ਜਹਾਜ਼ ਦੇ ਇੰਜਣ ਦਾ ਫਿਊਲ

**ਨਵੀਂ ਦਿੱਲੀ, 17 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਗੁਜਰਾਤ ਦੇ ਅਹਿਮਦਾਬਾਦ ਵਿੱਚ ਹਾਦਸਾਗ੍ਰਸਤ ਹੋਏ ਏਅਰ ਇੰਡੀਆ ਜਹਾਜ਼ ਦੇ ਦੋ ਪਾਇਲਟਾਂ ਵਿਚਕਾਰ ਹੋਈ ਆਖਰੀ ਗੱਲਬਾਤ ਦੀ ਕਾਕਪਿਟ ਰਿਕਾਰਡਿੰਗ ਤੋਂ ਪਤਾ ਲੱਗਦਾ ਹੈ ਕਿ ਕੈਪਟਨ ਨੇ ਜਹਾਜ਼ ਦੇ ਇੰਜਣ ਦਾ ਫਿਊਲ ਬੰਦ ਕਰ ਦਿੱਤਾ ਸੀ। ਇਹ ਜਾਣਕਾਰੀ ਅਮਰੀਕੀ ਮੀਡੀਆ ਵਾਲ ਸਟਰੀਟ ਜਰਨਲ ਨੇ ਦਿੱਤੀ ਹੈ। ਵਾਲ ਸਟਰੀਟ ਜਰਨਲ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਬੋਇੰਗ 787 ਡ੍ਰੀਮਲਾਈਨਰ ਉਡਾਉਣ ਵਾਲੇ ਪਹਿਲੇ ਅਧਿਕਾਰੀ ਨੇ ਵਧੇਰੇ ਤਜਰਬੇਕਾਰ ਕੈਪਟਨ ਨੂੰ ਪੁੱਛਿਆ ਕਿ ਉਨ੍ਹਾਂ ਨੇ ਰਨਵੇਅ ਤੋਂ ਉਡਾਣ ਭਰਨ ਤੋਂ ਤੁਰੰਤ ਬਾਅਦ ਸਵਿੱਚ ਨੂੰ ਕੱਟਆਫ ਸਥਿਤੀ ਵਿੱਚ ਕਿਉਂ ਕਰ ਦਿੱਤਾ। ਰਿਪੋਰਟ ਦੇ ਅਨੁਸਾਰ, ਇਸ ਤੋਂ ਬਾਅਦ ਪਹਿਲੇ ਅਧਿਕਾਰੀ ਨੇ ਘਬਰਾਹਟ ਜਤਾਈ, ਜਦੋਂ ਕਿ ਕਪਤਾਨ ਸ਼ਾਂਤ ਰਹੇ। ਇਸ ਜਹਾਜ਼ ਹਾਦਸੇ ਵਿੱਚ ਕੈਪਟਨ ਸੁਮਿਤ ਸੱਭਰਵਾਲ ਅਤੇ ਫਸਟ ਅਫਸਰ ਕਲਾਈਵ ਕੁੰਦਰ ਦੀ ਵੀ ਜਾਨ



ਚਲੀ ਗਈ, ਜਿਨ੍ਹਾਂ ਨੂੰ ਕ੍ਰਮਵਾਰ ਕੁੱਲ 15,638 ਘੰਟੇ ਅਤੇ 3,403 ਘੰਟੇ ਉਡਾਣ ਦਾ ਤਜਰਬਾ ਸੀ। ਵਾਲ ਸਟਰੀਟ ਜਰਨਲ ਨੇ ਏਅਰਕ੍ਰਾਫਟ ਐਕਸੀਡੈਂਟ ਇਨਵੈਸਟੀਗੇਸ਼ਨ ਬਿਊਰੋ (1992) ਦੀ ਇੱਕ ਮੁੱਢਲੀ ਰਿਪੋਰਟ ਦਾ ਹਵਾਲਾ ਦਿੱਤਾ, ਜਿਸ ਵਿੱਚ ਕਿਹਾ ਗਿਆ ਹੈ ਕਿ ਦੋਵਾਂ ਇੰਜਣਾਂ ਦੇ ਫਿਊਲ ਕੱਟਆਫ ਸਵਿੱਚ ਟੇਕਆਫ ਤੋਂ ਕੁਝ ਪਲਾਂ ਬਾਅਦ ਹੀ ਇੱਕ ਤੋਂ ਬਾਅਦ ਇੱਕ ਕੱਟਆਫ ਸਥਿਤੀ 'ਤੇ ਪਹੁੰਚ ਗਏ। ਰਿਪੋਰਟ ਦੇ ਅਨੁਸਾਰ, ਟੇਕਆਫ ਅਤੇ ਕਰੈਸ਼ ਵਿਚਕਾਰ ਸਮਾਂ ਸਿਰਫ 32 ਸਕਿੰਟ ਸੀ। ਵਾਲ ਸਟਰੀਟ ਜਰਨਲ ਨੇ ਮਾਮਲੇ ਦੇ ਮਾਹਿਰਾਂ, ਅਮਰੀਕੀ ਪਾਇਲਟਾਂ ਅਤੇ ਜਾਂਚ ਦੀ ਨਿਗਰਾਨੀ ਕਰ ਰਹੇ ਸੁਰੱਖਿਆ ਮਾਹਿਰਾਂ ਦੇ ਹਵਾਲੇ ਨਾਲ ਕਿਹਾ ਕਿ ਮੁੱਢਲੀ ਰਿਪੋਰਟ ਵਿੱਚ ਦਿੱਤੇ ਗਏ ਵੇਰਵਿਆਂ ਤੋਂ ਪਤਾ ਲੱਗਦਾ ਹੈ ਕਿ ਕੈਪਟਨ ਨੇ ਖੁਦ ਸਵਿੱਚ ਬੰਦ ਕੀਤੇ ਸਨ। ਇਸ ਨੇ ਅੱਗੇ ਕਿਹਾ, "ਰਿਪੋਰਟ ਇਹ ਨਹੀਂ ਦੱਸਦੀ ਕਿ ਸਵਿੱਚ ਗਲਤੀ ਨਾਲ ਬੰਦ ਹੋ ਗਏ ਸੀ, ਜਾਂ ਜਾਣਬੁੱਝ ਕੇ ਕੀਤੇ ਗਏ।" ਸ਼ਹਿਰੀ ਹਵਾਬਾਜ਼ੀ ਮੰਤਰੀ ਕਿੰਜਾਰਾਪੂ ਰਾਮ ਮੋਹਨ ਨਾਇਡੂ ਨੇ ਪਿਛਲੇ ਹਫ਼ਤੇ ਕਿਹਾ ਸੀ ਕਿ ਰਿਪੋਰਟ ਸਿਰਫ਼ ਮੁੱਢਲੀਆਂ ਖੋਜਾਂ 'ਤੇ ਆਧਾਰਿਤ ਹੈ ਅਤੇ ਅੰਤਿਮ ਰਿਪੋਰਟ ਜਾਰੀ ਹੋਣ ਤੱਕ ਕੋਈ ਅੰਤਿਮ ਸਿੱਟਾ ਨਹੀਂ ਕੱਢਿਆ ਜਾਣਾ ਚਾਹੀਦਾ।

## ਬਿਕਰਮ ਮਜੀਠੀਆ ਦੀ ਬੈਰਕ ਬਦਲਣ ਦੇ ਮਾਮਲੇ 'ਚ ਅਦਾਲਤ ਨੇ ਕੇਸ ਦੀ ਸੁਣਵਾਈ 22 ਜੁਲਾਈ ਤੱਕ ਟਾਲੀ

**ਚੰਡੀਗੜ੍ਹ, 17 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਸੀਨੀਅਰ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਨੇ ਨਵੀਂ ਨਾਭਾ ਜੇਲ੍ਹ 'ਚ ਆਪਣੀ ਬੈਰਕ ਬਦਲਣ ਲਈ ਮੋਹਾਲੀ ਦੀ ਅਦਾਲਤ ਵਿੱਚ ਪਟੀਸ਼ਨ ਦਾਇਰ ਕੀਤੀ ਹੈ। ਇਸ ਮਾਮਲੇ ਦੀ ਸੁਣਵਾਈ ਅੱਜ 17 ਜੁਲਾਈ ਨੂੰ ਅਦਾਲਤ ਵਿੱਚ ਹੋਈ। ਪਰ ਸਰਕਾਰ ਨੇ ਕੋਈ ਜਵਾਬ ਦਾਇਰ ਨਹੀਂ ਕੀਤਾ। ਹੁਣ ਇਸ ਮਾਮਲੇ ਦੀ ਸੁਣਵਾਈ 22 ਜੁਲਾਈ ਨੂੰ ਹੋਵੇਗੀ। ਇਸ ਦਿਨ ਉਨ੍ਹਾਂ ਦੀ ਜ਼ਮਾਨਤ ਪਟੀਸ਼ਨ ਵੀ ਪੈਂਡਿੰਗ ਹੈ। ਹਾਲਾਂਕਿ, ਪੰਜਾਬ ਦੇ ਮੁੱਖ ਮੰਤਰੀ ਨੇ ਵਿਧਾਨ ਸਭਾ ਵਿੱਚ ਕਿਹਾ ਸੀ ਕਿ ਮਜੀਠੀਆ ਜੇਲ੍ਹ ਵਿੱਚ ਸਿਰਹਾਣਾ ਮੰਗ ਰਿਹਾ ਹੈ, ਉਨ੍ਹਾਂ ਨੂੰ ਕੋਈ ਸਹੂਲਤ ਨਹੀਂ ਦਿੱਤੀ ਜਾਵੇਗੀ। ਉਹ ਆਮ ਕੈਦੀਆਂ ਵਾਂਗ ਰਹਿਣਗੇ।

## 20 ਜੁਲਾਈ ਨੂੰ ਹੋਵੇਗਾ ਫੌਜਾ ਸਿੰਘ ਦਾ ਅੰਤਿਮ ਸਸਕਾਰ



**ਚੰਡੀਗੜ੍ਹ, 17 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਪਿਛਲੇ ਦਿਨੀਂ 114 ਸਾਲਾ ਐਥਲੀਟ ਫੌਜਾ ਸਿੰਘ ਦੀ ਮੌਤ ਹੋ ਗਈ ਸੀ, ਜਿਨ੍ਹਾਂ ਦਾ ਅੰਤਿਮ ਸਸਕਾਰ ਐਤਵਾਰ ਨੂੰ ਉਨ੍ਹਾਂ ਦੇ ਪਿੰਡ ਬਿਆਸ ਵਿੱਚ ਦੁਪਹਿਰ 12 ਵਜੇ ਕੀਤਾ ਜਾਵੇਗਾ। 114 ਸਾਲਾ ਫੌਜਾ ਸਿੰਘ ਨੂੰ ਸੋਮਵਾਰ ਨੂੰ ਚਿੱਟੀ ਫਾਰਚੂਨਰ ਨੇ ਟੱਕਰ ਮਾਰੀ ਸੀ, ਜਿਨ੍ਹਾਂ ਦੀ ਇਲਾਜ ਦੌਰਾਨ ਮੌਤ ਹੋ ਗਈ ਸੀ। ਉਨ੍ਹਾਂ ਦੇ ਕੁਝ ਪਰਿਵਾਰਕ ਮੈਂਬਰ ਵਿਦੇਸ਼ ਵਿੱਚ ਰਹਿੰਦੇ ਹਨ, ਜਿਨ੍ਹਾਂ ਦਾ ਇੰਤਜ਼ਾਰ ਹੋ ਰਿਹਾ ਸੀ, ਜਿਸ ਕਰਕੇ ਹਾਲੇ ਤੱਕ ਅੰਤਿਮ ਸਸਕਾਰ ਨਹੀਂ ਕੀਤਾ ਗਿਆ ਸੀ। ਇਸ ਬਾਰੇ ਉਨ੍ਹਾਂ ਦੇ ਪੁੱਤਰ ਹਰਵਿੰਦਰ ਸਿੰਘ ਨੇ ਖੁਦ ਦਿੱਤੀ ਹੈ।

## ਇਰਾਕ ਦੇ ਸ਼ਾਪਿੰਗ ਮਾਲ 'ਚ ਭਿਆਨਕ ਅੱਗ: 50 ਤੋਂ ਵੱਧ ਲੋਕਾਂ ਦੀ ਮੌਤ

**ਤਹਿਰਾਨ, 17 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਇਰਾਕ ਦੇ ਇਕ ਸ਼ਾਪਿੰਗ ਮਾਲ ਵਿੱਚ ਭਿਆਨਕ ਅੱਗ ਲੱਗਣ ਕਾਰਨ ਘੱਟੋ-ਘੱਟ 50 ਲੋਕਾਂ ਦੇ ਜਿਉਂਦੇ ਸੜ ਕੇ ਮਰਨ ਦੀ ਖ਼ਬਰ ਮਿਲੀ ਹੈ। ਖ਼ਬਰ ਏਜੰਸੀ ਏਐਫਪੀ ਦੇ ਮੁਤਾਬਕ ਦੱਸਿਆ ਜਾ ਰਿਹਾ ਹੈ ਕਿ ਇਹ ਹਾਦਸਾ ਇਰਾਕ ਦੇ ਅਲ-ਕੁਟ ਦੇ ਇਕ ਸੁਪਰਮਾਰਕੀਟ 'ਚ ਹੋਇਆ। ਵਾਇਰਲ ਤਸਵੀਰਾਂ 'ਚ ਦਿਖਾਈ ਦੇ ਰਿਹਾ ਹੈ ਕਿ ਇਮਾਰਤ ਦੇ ਵੱਡੇ ਹਿੱਸੇ ਨੂੰ ਅੱਗ ਨੇ ਘੇਰਿਆ ਹੋਇਆ ਹੈ ਅਤੇ ਵੱਡੇ ਪੈਮਾਨੇ 'ਤੇ ਧੂੰਆਂ ਨਿਕਲ ਰਿਹਾ ਹੈ। ਹਾਦਸੇ ਨਾਲ ਜੁੜਿਆ ਇਕ



ਵੀਡੀਓ ਵੀ ਸੋਸ਼ਲ ਮੀਡੀਆ 'ਤੇ ਕਾਫੀ ਵਾਇਰਲ ਹੋ ਰਿਹਾ ਹੈ, ਜਿਸ ਵਿੱਚ ਪੰਜ ਮੰਜ਼ਿਲਾ ਇਮਾਰਤ ਨੂੰ ਅੱਗ ਦੀਆਂ ਲਪਟਾਂ ਨੇ ਘੇਰਿਆ ਹੋਇਆ ਦਿਖਾਈ ਦੇ ਰਿਹਾ ਹੈ, ਜਦਕਿ ਫਾਇਰ ਬ੍ਰਿਗੇਡ ਦੇ ਕਰਮਚਾਰੀ ਅੱਗ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਵਾਸਿਤ ਸੂਬੇ ਦੇ ਗਵਰਨਰ ਮੁਹੰਮਦ ਅਲ-ਮਿਆਹੀ ਨੇ ਸਰਕਾਰੀ INA ਨਿਊਜ਼ ਏਜੰਸੀ ਨੂੰ ਦੱਸਿਆ, "ਇਸ ਵੱਡੇ ਸ਼ਾਪਿੰਗ ਮਾਲ ਵਿੱਚ ਲੱਗੀ ਅੱਗ ਕਾਰਨ ਲਗਭਗ 50 ਲੋਕਾਂ ਦੀ ਮੌਤ ਹੋ ਚੁੱਕੀ ਹੈ।" ਹਾਲਾਂਕਿ ਅੱਗ ਲੱਗਣ ਦਾ ਸਹੀ ਕਾਰਨ ਹਜੇ ਤੱਕ ਸਾਫ਼ ਨਹੀਂ ਹੋਇਆ, ਪਰ INA ਦੇ ਅਨੁਸਾਰ ਗਵਰਨਰ ਨੇ ਕਿਹਾ ਕਿ ਜਾਂਚ ਦੀ ਸ਼ੁਰੂਆਤੀ ਰਿਪੋਰਟ 48 ਘੰਟਿਆਂ ਦੇ ਅੰਦਰ ਜਾਰੀ ਕੀਤੀ ਜਾਵੇਗੀ।

**ਤਿੰਨ ਦਿਨਾਂ ਦੇ ਰਾਸ਼ਟਰੀ ਸੋਗ ਦੀ ਘੋਸ਼ਣਾ**

ਵਾਸਿਤ ਸੂਬੇ ਦੇ ਗਵਰਨਰ ਮੁਹੰਮਦ ਅਲ-ਮਿਆਹੀ ਨੇ ਦੱਸਿਆ ਕਿ ਅੱਗ ਇਕ ਹਾਈਪਰ ਮਾਰਕਿਟ ਅਤੇ ਇਕ ਰੈਸਟੋਰੈਂਟ ਵਿੱਚ ਲੱਗੀ। ਜਿਸ ਵੇਲੇ ਅੱਗ ਲੱਗੀ, ਉਸ ਸਮੇਂ ਕਈ ਲੋਕ ਖਾਣਾ ਖਾ ਰਹੇ ਸਨ ਅਤੇ ਖਰੀਦਦਾਰੀ ਕਰ ਰਹੇ ਸਨ। ਗਵਰਨਰ ਨੇ ਦੱਸਿਆ ਕਿ ਫਾਇਰ ਬ੍ਰਿਗੇਡ ਦੇ ਕਰਮਚਾਰੀਆਂ ਨੇ ਕਈ ਲੋਕਾਂ ਦੀ ਜਾਨ ਬਚਾਈ ਅਤੇ ਅੱਗ ਤੇ ਕਾਬੂ ਪਾਇਆ। ਇਸ ਦਰਦਨਾਕ ਹਾਦਸੇ ਦੇ ਚਲਦਿਆਂ ਪੂਰੇ ਇਰਾਕ 'ਚ ਤਿੰਨ ਦਿਨਾਂ ਦੇ ਰਾਸ਼ਟਰੀ ਸੋਗ ਦੀ ਘੋਸ਼ਣਾ ਕੀਤੀ ਗਈ ਹੈ। 9©1 ਦੀ ਰਿਪੋਰਟ ਮੁਤਾਬਕ ਗਵਰਨਰ ਮੁਹੰਮਦ ਅਲ-ਮਿਆਹੀ ਨੇ ਇਮਾਰਤ ਅਤੇ ਮਾਲ ਦੇ ਮਾਲਕ ਖਿਲਾਫ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਮਾਸਾਹਾਰੀ ਦੁੱਧ ਨੂੰ ਲੈ ਕੇ ਅਮਰੀਕਾ ਤੇ ਭਾਰਤ ਵਿਚਾਲੇ ਖੜਕੀ ?

**ਨਵੀਂ ਦਿੱਲੀ, 17 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਭਾਰਤ ਵਿੱਚ ਸਦੀਆਂ ਤੋਂ ਦੁੱਧ ਨੂੰ ਪਵਿੱਤਰ ਤੇ ਪੌਸ਼ਟਿਕ ਭੋਜਨ ਮੰਨਿਆ ਜਾਂਦਾ ਰਿਹਾ ਹੈ। ਇਹ ਸਾਡੀ ਸੰਸਕ੍ਰਿਤੀ ਤੇ ਧਾਰਮਿਕ ਰਵਾਇਤਾਂ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਗਾਂ ਦਾ ਦੁੱਧ ਪੂਜਾ ਤੋਂ ਲੈ ਕੇ ਬੱਚਿਆਂ ਦੇ ਪੋਸ਼ਣ ਤੱਕ ਹਰ ਜਗ੍ਹਾ ਵਰਤਿਆ ਜਾਂਦਾ ਹੈ। ਅਜਿਹੀ ਸਥਿਤੀ ਵਿੱਚ ਹਾਲ ਹੀ ਵਿੱਚ 'ਮਾਸਾਹਾਰੀ ਦੁੱਧ' ਸ਼ਬਦ ਸੁਰਖੀਆਂ ਵਿੱਚ ਆਇਆ ਹੈ, ਜਿਸ ਨੇ ਬਹੁਤ ਸਾਰੇ ਲੋਕਾਂ ਨੂੰ ਹੈਰਾਨ ਕਰ ਦਿੱਤਾ ਹੈ। ਇਹ ਭਾਰਤ ਤੇ ਅਮਰੀਕਾ ਵਿਚਕਾਰ ਵਪਾਰ ਸਮਝੌਤੇ ਵਿੱਚ ਵੀ ਇੱਕ ਵੱਡਾ ਮੁੱਦਾ ਬਣਿਆ ਹੈ। ਅਜਿਹੀ ਸਥਿਤੀ ਵਿੱਚ ਸਵਾਲ ਉੱਠਦਾ ਹੈ ਕਿ ਇਹ 'ਮਾਸਾਹਾਰੀ ਦੁੱਧ' ਕੀ ਹੈ ਤੇ ਭਾਰਤ ਇਸ 'ਤੇ ਇੰਨਾ ਸਖ਼ਤ ਰੁਖ਼ ਕਿਉਂ ਅਪਣਾ ਰਿਹਾ ਹੈ ? ਆਓ ਇਸ ਇਸ ਬਾਰੇ ਵਿਸਥਾਰ ਵਿੱਚ ਜਾਣੀਏ। 'ਮਾਸਾਹਾਰੀ ਦੁੱਧ' ਦਾ ਮਤਲਬ ਉਸ ਦੁੱਧ ਤੋਂ ਹੈ



ਜੋ ਉਨ੍ਹਾਂ ਗਾਵਾਂ ਤੋਂ ਮਿਲਦਾ ਹੈ ਜਿਨ੍ਹਾਂ ਨੂੰ ਮਾਸਾਹਾਰੀ ਉਤਪਾਦ ਜਿਵੇਂ ਮਾਸ, ਖ਼ੂਨ, ਹੱਡੀਆਂ ਦਾ ਚੂਰਾ ਜਾਂ ਜਾਨਵਰਾਂ ਦੇ ਅਵਸ਼ੇਸ਼ ਚਾਰੇ ਵਿੱਚ ਖੁਆਏ ਜਾਂਦੇ ਹਨ। ਅਮਰੀਕਾ ਤੇ ਕੁਝ ਪੱਛਮੀ ਦੇਸ਼ਾਂ ਵਿੱਚ ਗਾਵਾਂ ਨੂੰ ਪ੍ਰੋਟੀਨ ਤੇ ਫੈਟ ਦੀ ਵੱਧ ਮਾਤਰਾ ਦੇਣ ਲਈ ਅਕਸਰ ਅਜਿਹਾ ਚਾਰਾ ਖਵਾਇਆ ਜਾਂਦਾ ਹੈ, ਜਿਸ ਵਿੱਚ ਮੀਟ ਉਦਯੋਗ ਤੋਂ ਬਚੇ ਉਤਪਾਦ ਜਿਵੇਂ ਸੂਰ, ਮੁਰਗੇ, ਮੱਛੀ, ਘੋੜੇ ਤੇ ਇੱਥੋਂ ਤੱਕ ਕਿ ਕਈ ਵਾਰ ਕੁੱਤੇ ਜਾਂ ਬਿੱਲੀ ਦੇ ਅਵਸ਼ੇਸ਼ ਵੀ ਸ਼ਾਮਲ ਹੋ ਸਕਦੇ ਹਨ। ਉਨ੍ਹਾਂ ਨੂੰ ਪ੍ਰੋਟੀਨ ਲਈ ਪਸ਼ੂਆਂ ਦਾ ਖ਼ੂਨ ਤੇ ਮੋਟੇ ਹੋਣ ਲਈ ਚਰਬੀ ਦਿੱਤੀ ਜਾਂਦੀ ਹੈ। ਇਹ ਅਭਿਆਸ ਦੁੱਧ ਉਤਪਾਦਨ ਵਧਾਉਣ ਤੇ ਲਾਗਤ ਘਟਾਉਣ ਲਈ ਅਪਣਾਇਆ ਜਾਂਦਾ ਹੈ।

'ਮਾਸਾਹਾਰੀ ਦੁੱਧ' ਸੁਰਖੀਆਂ ਵਿੱਚ ਆਉਣ ਦਾ ਮੁੱਖ ਕਾਰਨ ਭਾਰਤ ਤੇ ਅਮਰੀਕਾ ਵਿਚਕਾਰ ਚੱਲ ਰਹੇ ਵਪਾਰ ਸਮਝੌਤੇ ਦੀ ਗੱਲਬਾਤ ਹੈ। ਅਮਰੀਕਾ ਚਾਹੁੰਦਾ ਹੈ ਕਿ ਭਾਰਤ ਉਸ ਦੇ ਉਤਪਾਦਾਂ ਲਈ ਆਪਣਾ ਡੇਅਰੀ ਬਾਜ਼ਾਰ ਖੋਲ੍ਹੇ ਪਰ ਭਾਰਤ ਨੇ ਅਮਰੀਕੀ ਡੇਅਰੀ ਉਤਪਾਦਾਂ ਦੇ ਆਯਾਤ ਨੂੰ ਮਨਜ਼ੂਰੀ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ ਹੈ। ਭਾਰਤ ਦਾ ਕਹਿਣਾ ਹੈ ਕਿ ਆਯਾਤ ਕੀਤਾ ਗਿਆ ਦੁੱਧ ਉਨ੍ਹਾਂ ਗਾਵਾਂ ਤੋਂ ਆਉਣਾ ਚਾਹੀਦਾ ਹੈ ਜਿਨ੍ਹਾਂ ਨੂੰ ਮਾਸ ਜਾਂ ਖ਼ੂਨ ਵਰਗੇ ਜਾਨਵਰ-ਅਧਾਰਤ ਉਤਪਾਦ ਨਾ ਖੁਆਏ ਗਏ ਹੋਣ। ਭਾਰਤ ਨੇ ਇਸ ਸ਼ਰਤ ਨੂੰ 'ਗੈਰ-ਗੱਲਬਾਤ ਯੋਗ ਲਾਲ ਲਕੀਰ' ਦੱਸਿਆ ਹੈ, ਯਾਨੀ ਇੱਕ ਅਜਿਹੀ ਸ਼ਰਤ ਜਿਸ 'ਤੇ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ। ਇਸ ਦਾ ਮੁੱਖ ਕਾਰਨ ਭਾਰਤ ਦੀਆਂ ਧਾਰਮਿਕ ਤੇ ਸੱਭਿਆਚਾਰਕ ਭਾਵਨਾਵਾਂ ਹਨ, ਜਿੱਥੇ ਗਾਂ ਨੂੰ ਪਵਿੱਤਰ ਮੰਨਿਆ ਜਾਂਦਾ ਹੈ। ਭਾਰਤ ਵਿੱਚ ਦੁੱਧ ਤੇ ਦੁੱਧ ਤੋਂ ਬਣੇ ਪਦਾਰਥ (ਜਿਵੇਂ ਦਹੀਂ, ਘਿਓ) ਨੂੰ ਸ਼ੁੱਧ ਤੇ ਪਵਿੱਤਰ ਮੰਨਿਆ ਜਾਂਦਾ ਹੈ। ਇਨ੍ਹਾਂ ਦੀ ਵਰਤੋਂ ਧਾਰਮਿਕ ਰਸਮਾਂ ਤੇ ਪੂਜਾ ਵਿੱਚ ਵੀ ਕੀਤੀ ਜਾਂਦੀ ਹੈ। ਅਜਿਹੀ ਸਥਿਤੀ ਵਿੱਚ ਮਾਸਾਹਾਰੀ ਭੋਜਨ ਖਾਣ ਵਾਲੀਆਂ ਗਾਵਾਂ ਤੋਂ ਦੁੱਧ ਸਵੀਕਾਰ ਕਰਨਾ ਕਰੋੜਾਂ ਭਾਰਤੀਆਂ ਦੀਆਂ ਧਾਰਮਿਕ ਤੇ ਸੱਭਿਆਚਾਰਕ ਭਾਵਨਾਵਾਂ ਦੇ ਵਿਰੁੱਧ ਹੈ। ਬਹੁਤ ਸਾਰੇ ਲੋਕ ਦੁੱਧ ਨੂੰ ਸ਼ਾਕਾਹਾਰੀ ਉਤਪਾਦ ਮੰਨਦੇ ਹਨ ਤੇ ਜੇਕਰ ਉਨ੍ਹਾਂ ਨੂੰ ਪਤਾ ਲੱਗ ਜਾਂਦਾ ਹੈ ਕਿ ਦੁੱਧ ਉਨ੍ਹਾਂ ਗਾਵਾਂ ਤੋਂ ਆ ਰਿਹਾ ਹੈ ਜਿਨ੍ਹਾਂ ਨੂੰ ਮਾਸ ਖੁਆਇਆ ਗਿਆ ਹੈ, ਤਾਂ ਇਹ ਉਨ੍ਹਾਂ ਦੇ ਖੁਰਾਕ ਮੁੱਲਾਂ ਦੇ ਵਿਰੁੱਧ ਜਾਵੇਗਾ। ਇਹ ਸਿਰਫ਼ ਇੱਕ ਵਪਾਰਕ ਮੁੱਦਾ ਨਹੀਂ ਬਣ ਗਿਆ, ਸਗੋਂ ਨੈਤਿਕਤਾ ਤੇ ਵਿਸ਼ਵਾਸ ਦਾ ਵੀ ਮਾਮਲਾ ਬਣ ਗਿਆ ਹੈ।

## ਅਮਰਨਾਥ ਯਾਤਰਾ ਮੁਅੱਤਲ, ਬਾਲਟਾਲ ਟ੍ਰੈਕ 'ਤੇ ਜ਼ਮੀਨ ਖਿਸਕਣ ਕਾਰਨ ਇੱਕ ਸ਼ਰਧਾਲੂ ਦੀ ਮੌਤ, 8 ਜ਼ਖ਼ਮੀ

**ਸ੍ਰੀਨਗਰ, 17 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਜੰਮੂ-ਕਸ਼ਮੀਰ ਵਿੱਚ ਭਾਰੀ ਬਾਰਿਸ਼ ਕਾਰਨ ਅਮਰਨਾਥ ਯਾਤਰਾ ਪ੍ਰਭਾਵਿਤ ਹੋਈ ਹੈ। ਬੁੱਧਵਾਰ ਨੂੰ ਬਾਲਟਾਲ ਦੇ ਰੇਲਪਥਰੀ ਵਿੱਚ ਭਾਰੀ ਬਾਰਿਸ਼ ਕਾਰਨ ਜ਼ਮੀਨ ਖਿਸਕਣ ਕਾਰਨ 8 ਸ਼ਰਧਾਲੂ ਜ਼ਖਮੀ ਹੋ ਗਏ। ਸੈਂਕੜੇ ਸ਼ਰਧਾਲੂਆਂ ਨੂੰ ਸੁਰੱਖਿਅਤ ਬਚਾ ਲਿਆ ਗਿਆ। ਰਾਜਸਥਾਨ ਦੀ ਰਹਿਣ ਵਾਲੀ ਸ਼ਰਧਾਲੂ ਸੋਨਾ ਬਾਈ (55) ਨੂੰ ਬੇਹੋਸ਼ੀ ਦੀ ਹਾਲਤ ਵਿੱਚ ਅੱਪਰ ਰੇਲਪਥਰੀ ਤੋਂ ਬੇਸ ਕੈਂਪ ਹਸਪਤਾਲ ਬਾਲਟਾਲ ਲਿਆਂਦਾ ਗਿਆ, ਜਿੱਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ। ਵੀਰਵਾਰ ਨੂੰ ਖਰਾਬ ਮੌਸਮ ਦੀ ਭਵਿੱਖਬਾਣੀ ਕਾਰਨ, ਜੰਮੂ ਤੋਂ ਅਮਰਨਾਥ ਯਾਤਰਾ ਅਗਲੇ ਹੁਕਮਾਂ ਤੱਕ ਮੁਲਤਵੀ ਕਰ ਦਿੱਤੀ ਗਈ ਹੈ। ਵੀਰਵਾਰ ਨੂੰ ਪਵਿੱਤਰ ਅਮਰਨਾਥ ਗੁਫਾ ਲਈ ਜੰਮੂ ਤੋਂ ਸ਼ਰਧਾਲੂਆਂ ਦਾ ਕੋਈ ਨਵਾਂ ਜੱਥਾ ਨਹੀਂ ਰਵਾਨਾ ਹੋਵੇਗਾ। ਬਾਲਟਾਲ ਰੂਟ 'ਤੇ ਰੇਲਪਥਰੀ ਨੇੜੇ ਜ਼ੈੱਡ ਮੋੜ 'ਤੇ, ਮੀਂਹ ਦਾ ਪਾਣੀ ਪਹਾੜ ਤੋਂ ਮਲਬਾ ਲੈ ਕੇ ਯਾਤਰਾ ਟਰੈਕ 'ਤੇ ਆ ਗਿਆ, ਜਿਸ ਕਾਰਨ ਰਸਤਾ ਵਿਘਨ ਪਿਆ। ਇਸ ਘਟਨਾ ਵਿੱਚ ਲਗਭਗ 8 ਸ਼ਰਧਾਲੂ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਤੁਰੰਤ ਇਲਾਜ ਲਈ ਨਜ਼ਦੀਕੀ ਮੈਡੀਕਲ ਸਹੂਲਤ ਕੇਂਦਰ ਲਿਜਾਇਆ ਗਿਆ। ਪ੍ਰਸ਼ਾਸਨ ਅਮਰਨਾਥ ਯਾਤਰਾ ਦੌਰਾਨ ਮੌਸਮ ਅਤੇ ਸੁਰੱਖਿਆ ਵੱਲ ਵਿਸ਼ੇਸ਼ ਧਿਆਨ ਦੇ ਰਿਹਾ ਹੈ। ਸਥਾਨਕ ਪ੍ਰਸ਼ਾਸਨ ਅਤੇ ਸੁਰੱਖਿਆ ਬਲ ਯਾਤਰਾ ਨੂੰ ਸੁਰੱਖਿਅਤ ਅਤੇ ਸੁਚਾਰੂ ਢੰਗ ਨਾਲ ਚਲਾਉਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੇ ਹਨ। ਮੌਸਮ ਵਿਭਾਗ ਨੇ ਕੱਲ੍ਹ ਭਾਰੀ ਬਾਰਸ਼ ਦੀ ਭਵਿੱਖਬਾਣੀ ਕੀਤੀ ਹੈ। ਇਸ ਕਾਰਨ ਜ਼ਮੀਨ ਖਿਸਕਣ ਅਤੇ ਚਿੱਕੜ ਖਿਸਕਣ ਦਾ ਵੀ ਖ਼ਤਰਾ ਹੈ। ਇਸ ਕਾਰਨ, ਵੀਰਵਾਰ ਨੂੰ ਅਮਰਨਾਥ ਯਾਤਰਾ ਲਈ ਜੰਮੂ ਯਾਤਰੀ ਨਿਵਾਸ ਤੋਂ ਕੋਈ ਜੱਥਾ ਨਹੀਂ ਰਵਾਨਾ ਹੋਵੇਗਾ। ਪ੍ਰਸ਼ਾਸਨ ਮੌਸਮ ਵਿੱਚ ਸੁਧਾਰ ਹੋਣ 'ਤੇ ਸ਼ਰਧਾਲੂਆਂ ਨੂੰ ਇੱਥੋਂ ਭੇਜੇਗਾ। ਇਸ ਤੋਂ ਪਹਿਲਾਂ, ਬਾਲਟਾਲ ਟਰੈਕ ਰਾਹੀਂ ਪਵਿੱਤਰ ਅਮਰਨਾਥ ਗੁਫਾ ਤੱਕ ਪਹੁੰਚਣ ਲਈ ਜੰਮੂ ਤੋਂ 15 ਜੱਥਾ ਭੇਜੇ ਗਏ ਹਨ। ਬੁੱਧਵਾਰ ਨੂੰ ਮੀਂਹ ਦੇ ਬਾਵਜੂਦ, ਅਮਰਨਾਥ ਯਾਤਰੀ ਬਾਲਟਾਲ ਰਸਤੇ ਤੋਂ ਅਮਰਨਾਥ ਗੁਫਾ ਵੱਲ ਪੂਰੇ ਉਤਸ਼ਾਹ ਨਾਲ ਅੱਗੇ ਵਧ ਰਹੇ ਸਨ। ਇਸ ਦੌਰਾਨ, ਰੇਲਪਥਰੀ ਨੇੜੇ ਜ਼ੈੱਡ ਮੋੜ 'ਤੇ ਭਾਰੀ ਮੀਂਹ ਕਾਰਨ, ਪਹਾੜ ਤੋਂ ਪਾਣੀ ਦੇ ਨਾਲ-ਨਾਲ ਵੱਡੇ ਪੱਥਰ ਅਤੇ ਮਲਬਾ ਟਰੈਕ 'ਤੇ ਵਹਿਣ ਲੱਗ ਪਿਆ। ਕੁਝ ਸ਼ਰਧਾਲੂ ਇਸ ਵਿੱਚ ਫਸ ਗਏ। ਰਾਜਸਥਾਨ ਦੀ ਰਹਿਣ ਵਾਲੀ ਸੋਨਾ ਬਾਈ ਨੂੰ ਗੰਭੀਰ ਸੱਟਾਂ ਲੱਗੀਆਂ ਅਤੇ ਉਸਨੂੰ ਇਲਾਜ ਲਈ ਬਾਲਟਾਲ ਬੇਸ ਕੈਂਪ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ। ਬਾਕੀ ਜ਼ਖਮੀਆਂ ਨੂੰ ਤੁਰੰਤ ਡਾਕਟਰੀ ਸਹਾਇਤਾ ਪ੍ਰਦਾਨ ਕੀਤੀ ਗਈ ਹੈ ਅਤੇ ਉਹ ਖ਼ਤਰੇ ਤੋਂ ਬਾਹਰ ਹਨ।

ਵਾਹਿਗੁਰੂ ਜੀ ਕਾ ਖ਼ਾਲਸਾ ।

## ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
## ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ

ਵਾਹਿਗੁਰੂ ਜੀ ਕੀ ਫ਼ਤਿਹ ॥

# ਆਵਾਜ਼ਿ ਕੌਮ AWAZE QAUM

# ਆਵਾਜ਼ਿ-ਕੌਮ ਟੂਰ ਐਂਡ ਟਰੈਵਲਜ਼


**RAGHBIR SINGH (Call : +44 7976 210161)**

**121. Broadway west Walsall, West Midlands, WS1 4DW, England uk**




ਸ੍ਰੀ ਅਕਾਲ ਤਖ਼ਤ ਸਾਹਿਬ
SRI AKAL TAKHAT SAHIB



ਸ੍ਰੀ ਪਟਨਾ ਸਾਹਿਬ
SRI PATNA SAHIB



ਸ੍ਰੀ ਕੇਸਗੜ੍ਹ ਸਾਹਿਬ
SRI KESGARH SAHIB



ਸ੍ਰੀ ਦਮਦਮਾ ਸਾਹਿਬ
SRI DAMDAMA SAHIB



ਸ੍ਰੀ ਹਜ਼ੂਰ ਸਾਹਿਬ
SRI HAZUR SAHIB

# ਪੰਜ ਤਖ਼ਤ ਯਾਤਰਾ

ਬੜੇ ਮਾਣ ਅਤੇ ਸਤਿਕਾਰ ਨਾਲ ਆਪ ਜੀ ਨੂੰ ਸੂਚਿਤ ਕੀਤਾ ਜਾ ਰਿਹਾ ਹੈ ਕਿ **ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼** ਵਾਹਿਗੁਰੂ ਜੀ ਕੀ ਕ੍ਰਿਪਾ ਸਦਕਾ 15 ਫਰਵਰੀ 2026 ਤੋਂ 25 ਫਰਵਰੀ 2026 (10 ਰਾਤ, 11 ਦਿਨ) ਤੱਕ ਪੰਜ ਤਖਤ ਸਹਿਬਾਨ ਦੀ ਮਹਾਂ ਯਾਤਰਾ ਕਰਵਾਉਣ ਜਾ ਰਿਹਾ ਹੈ। ਆਪ ਸਭ ਨੂੰ ਬੇਨਤੀ ਹੈ ਕਿ ਤੁਸੀ ਵੀ ਇਸ ਯਾਤਰਾ ਦਾ ਹਿੱਸਾ ਬਣੋ ਅਤੇ ਪੰਜ ਤਖ਼ਤ ਸਾਹਿਬਾਨ ਦੀ ਯਾਤਰਾ ਕਰਕੇ ਆਪਣੇ ਜੀਵਨ ਨੂੰ ਸਫਲਾ ਕਰੋ ਜੀ। ਤੁਹਾਡੀ ਇਸ ਯਾਤਰਾ ਨੂੰ ਯਾਦਗਾਰੀ ਤੇ ਬਿਹਤਰੀਨ ਬਨਾਉਣ ਲਈ **ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼** ਦੀ ਟੀਮ ਹਰ ਸੰਭਵ ਯਤਨ ਕਰਕੇ ਤੁਹਾਨੂੰ ਸ਼ਾਨਦਾਰ ਸਹੂਲਤਾਂ ਪ੍ਰਦਾਨ ਕਰੇਗੀ। ਯਾਤਰਾ ਗੁਰਦਾਵਾਰਾ ਸ਼੍ਰੀ ਦੁਖ ਨਿਵਾਰਨ ਪਾਤਸ਼ਾਹੀ 9ਵੀਂ ਗੁਰੂ ਤੇਗ ਬਹਾਦੁਰ ਨਗਰ, ਜਲੰਧਰ ਤੋਂ ਅਰਦਾਸ ਅਤੇ ਜੈਕਾਰਿਆਂ ਦੀ ਗੂੰਜ 'ਚ 15 ਫਰਵਰੀ, 2026 ਨੂੰ ਸ਼ੁਰੂ ਹੋਵੇਗੀ ਤੇ ਇੱਥੇ ਹੀ 25 ਫਰਵਰੀ, 2026 ਨੂੰ ਸੰਪੰਨ ਹੋਵੇਗੀ।

## ਟੂਰ ਪੈਕੇਜ

ਧਾਰਮਿਕ ਤੇ ਇਤਿਹਾਸਕ ਟੂਰ ਜਲੰਧਰ ਤੋਂ ਸ਼ੁਰੂ ਹੋ ਕੇ ਸ਼੍ਰੀ ਅੰਮ੍ਰਿਤਸਰ ਸਾਹਿਬ, ਹੈਦਰਾਬਾਦ, ਗੁਰਦਵਾਰਾ ਨਾਨਕ ਝੀਰਾ ਬਿਦਰ ਤੋਂ ਬਾਅਦ ਸ਼੍ਰੀ ਹਜੂਰ ਸਾਹਿਬ ਪਹੁੰਚੇਗਾ, ਜਿਥੇ ਤਖ਼ਤ ਸ਼੍ਰੀ ਹਜੂਰ ਸਾਹਿਬ ਤੋਂ ਇਲਾਵਾ ਹੋਰ ਵੀ 9 ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਵਾਏ ਜਾਣਗੇ। ਹੈਦਰਾਬਾਦ ਪਹੁੰਚ ਕੇ ਹਵਾਈ ਜਹਾਜ ਦੇ ਰਾਹੀ ਤਖ਼ਤ ਸ੍ਰੀ ਪਟਨਾ ਸਾਹਿਬ ਪਹੁੰਚਿਆ ਜਾਵੇਗਾ। ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਚੰਡੀਗੜ ਵਾਪਸੀ ਵੀ ਹਵਾਈ ਸਫ਼ਰ ਰਾਹੀਂ ਹੋਵੇਗੀ। ਉਪਰੰਤ ਸ਼੍ਰੀ ਆਨੰਦਪੁਰ ਸਾਹਿਬ, ਸ਼੍ਰੀ ਦਮਦਮਾ ਸਾਹਿਬ, ਸ਼੍ਰੀ ਅੰਮ੍ਰਿਤਸਰ ਸਾਹਿਬ ਪਹੁੰਚਿਆ ਜਾਵੇਗਾ। ਇਸ ਯਾਤਰਾ ਦੇ ਦੌਰਾਨ ਸਿੱਖ ਗੁਰੂ ਸਾਹਿਬਾਨ ਦੀ ਚਰਨਛੋਹ ਪ੍ਰਾਪਤ 32 ਇਤਿਹਾਸਕ ਗੁਰਦਾਵਾਰਾ ਸਾਹਿਬਾਨ ਦੇ ਦਰਸ਼ਨ ਕਰਵਾਏ ਜਾਣਗੇ। ਇਸ ਤੋਂ ਇਲਾਵਾ ਕੁਝ ਅਜਾਇਬ ਘਰ, ਜਲ੍ਹਿਆਂਵਾਲਾ ਬਾਗ, ਵਾਹਗਾ ਬਾਰਡਰ ਦੀ ਰੀਟਰੀਟ ਸੇਰੇਮਨੀ ਤੇ ਹੋਰ ਇਤਿਹਸਕ ਸਥਾਨਾਂ ਦੀ ਯਾਤਰਾ ਵੀ ਕਰਵਾਈ ਜਾਵੇਗੀ।

- ਲਗਜਰੀ ਹੋਟਲਾਂ 'ਚ ਸਟੇਅ
- ਲਗਜ਼ਰੀ ਏ. ਸੀ. ਕੋਚ
- ਡੋਮੈਸਟਿਕ ਫਲਾਈਟਾਂ
- ਗਾਈਡ
- ਯਾਤਰਾਂ ਤੋਂ ਪਹਿਲਾਂ ਅਤੇ ਬਾਅਦ ਵਿੱਚ ਇੰਡੀਆ 'ਚ ਸਟੇਅ ਕੀਤਾ ਜਾ ਸਕਦਾ ਹੈ।
- ਪਹਿਲਾ ਅਤੇ ਅੰਤਿਮ ਪੜਾਅ ਜਲੰਧਰ ਵਿਖੇ।

ਬੁੱਕ ਕਰਨ ਲਈ 600 ਪੌਂਡ ਐਡਵਾਂਸ ਦੇ ਤੌਰ 'ਤੇ ਜਮ੍ਹਾਂ ਕਰਵਾਉਣੇ ਜ਼ਰੂਰੀ ਹਨ। ਬੁਕਿੰਗ ਫੀਸ ਜਮ੍ਹਾ ਕਰਵਾਉਣ ਉਪਰੰਤ ਰੈਫਰੈਂਸ ਨੰਬਰ ਭੇਜਣਾ ਹੋਵੇਗਾ ਅਤੇ ਬਾਕੀ ਰਹਿੰਦੀ ਫੀਸ ਯਾਤਰਾ ਤੋਂ ਦੋ ਹਫ਼ਤਿਆਂ ਦੇ ਅੰਦਰ-ਅੰਦਰ ਜਮ੍ਹਾ ਕਰਵਾਉਣੀ ਹੋਵੇਗੀ।

### ਅਕਾਊਂਟ ਨੰਬਰ ਤੇ ਡਿਟੇਲ

Account Name : RAGHBIR SINGH
Bank Name : HALIFAX
Sort Code : 11-08-07
Account No. : 00516474

ਸੰਪਰਕ ਨੰ. :
+44 7458 381111 +44 7976 210161
email: gnstuk@hotmail.com

To Book please ring (+44 7458 381111) or WhatsApp (+44 7976 210161) / email (gnstuk@hotmail.com) the next of kin form along with a copy of your passport.

★ ਸਲਾਹ ★
ਸਮੂਹ ਸੰਗਤ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਤੌਰ 'ਤੇ ਟਰੈਵਲ ਇੰਸ਼ੋਰੈਂਸ ਕਰਵਾ ਲੈਣ

ਬਿਨਾਂ ਕੋਈ ਨੋਟਿਸ ਦਿੱਤੇ ਪ੍ਰੋਗਰਾਮ 'ਚ ਤਬਦੀਲੀ ਕੀਤੀ ਜਾ ਸਕਦੀ ਹੈ।

## ਜ਼ਿੰਦਗੀ ਭਰ ਦੀ ਯਾਦ ਬਣਨ ਵਾਲੀ
# ਪੰਜ ਤਖ਼ਤ ਯਾਤਰਾ

10 ਰਾਤਾਂ ਤੇ 11 ਦਿਨ ਦੀ ਯਾਤਰਾ ਦਾ ਵੇਰਵਾ ਵਿਸਥਾਰ ਸਹਿਤ ਹੇਠ ਲਿਖੇ ਅਨੁਸਾਰ ਹੈ :

### 15 ਫਰਵਰੀ (ਦਿਨ 1)



ਸਾਰੀ ਸੰਗਤ ਗੁਰਦਵਾਰਾ ਦੂਖ ਨਿਵਾਰਨ ਸਾਹਿਬ ਪਾਤਸ਼ਾਹੀ 9ਵੀਂ ਗੁਰੁ ਤੇਗ ਬਹਾਦੁਰ ਨਗਰ ਵਿਖੇ ਇਕੱਤਰ ਹੋਵੇਗੀ ਤੇ ਇਥੋਂ ਜੈਕਾਰਿਆਂ ਦੀ ਗੂੰਜ 'ਚ ਸ਼੍ਰੀ ਅੰਮ੍ਰਿਤਸਰ ਸਾਹਿਬ ਲਈ ਚਾਲੇ ਪਾਏ ਜਾਣਗੇ। ਕਰਤਾਰਪੁਰ ਵਿਖੇ ਜੰਗ-ਏ-ਆਜਦੀ ਅਜਾਇਬ ਘਰ ਵਿਖਾਇਆ ਜਾਵੇਗਾ। ਹੋਟਲ ਵਿਚ ਪਹੁੰਚ ਕੇ ਚੈਕ ਇਨ ਹੋਵੇਗਾ। ਉਸ ਤੋਂ ਬਾਅਦ ਸਾਰੀ ਸੰਗਤ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਨਤਮਸਤਕ ਹੋਵੇਗੀ। ਦੁਬਾਰਾ ਵਾਪਸ ਹੋਟਲ ਵਿਚ ਪਹੁੰਚ ਕੇ ਡਿਨਰ ਹੋਟਲ ਕੀਤਾ ਜਾਵੇਗਾ।

### 16 ਫਰਵਰੀ (ਦਿਨ 2)



ਤੜਕੇ ਸਵੇਰੇ 5 ਵਜੇ ਹੈਦਰਾਬਾਦ ਨੂੰ ਜਾਣ ਵਾਸਤੇ ਹਵਾਈ ਅੱਡੇ 'ਤੇ ਪਹੁੰਚਿਆ ਜਾਵੇਗਾ। ਫਲਾਇਟ ਦਾ ਸਮਾਂ 7.30 ਵਜੇ ਸਵੇਰੇ ਹੋਵੇਗਾ। ਹੈਦਰਾਬਾਦ ਤੱਕ ਫਲਾਈ ਸਮਾਂ ਦੋ ਘੰਟੇ ਦਾ ਹੋਵੇਗਾ। ਹੈਦਰਾਬਾਦ ਪਹੁੰਚ ਕੇ ਬੱਸ ਵਿਚ ਬੈਠ ਕੇ ਹੈਦਰਾਬਾਦ ਦਾ ਬਹੁਤ ਹੀ ਮਸ਼ਹੂਰ ਮਿਊਜੀਅਮ ਦਿਖਾਇਆ ਜਾਵੇਗਾ। ਉਸ ਤੋਂ ਬਾਅਦ ਹੋਟਲ ਵਿਚ ਜਾ ਕੇ ਚੈਕ ਇਨ ਤੇ ਲੰਚ ਹੋਵੇਗਾ। ਸ਼ਾਮ 4 ਵਜੇ ਹੈਦਰਾਬਾਦ ਦਾ ਦੁਨੀਆਂ ਭਰ 'ਚ ਮਸ਼ਹੂਰ ਚਾਰਮਿਨਾਰ ਦਿਖਾਇਆ ਜਾਵੇਗਾ। ਡਿਨਰ ਦੱਖਣ-ਭਾਰਤੀ ਸ਼ਾਕਾਹਾਰੀ ਰੈਸਟੋਰੈਂਟ ਵਿਚ (ਖ਼ੁਦ ਦੇ ਖਰਚੇ 'ਤੇ) ਕਰਵਾਇਆ ਜਾਵੇਗਾ। ਵਾਪਸ ਹੋਟਲ ਵਿਚ ਆ ਕੇ ਅਰਾਮ ਕੀਤਾ ਜਾਵੇਗਾ।

### 17 ਫਰਵਰੀ (ਦਿਨ 3)



ਸਵੇਰੇ ਨਾਸ਼ਤੇ ਤੋਂ ਬਾਅਦ ਟਰੇਲ ਰਾਹੀਂ ਬਿਦਰ ਨੂੰ ਚਾਲੇ ਪਾਏ ਜਾਣਗੇ। 3 ਘੰਟੇ ਦੀ ਯਾਤਰਾ ਹੋਵੇਗੀ। ਇੱਥੇ ਪਹੁੰਚ ਕੇ ਗੁਰਦਵਾਰਾ ਨਾਨਕ ਝੀਰਾ ਸਾਹਿਬ ਦੇ ਦਰਸ਼ਨ ਕਰਵਾਏ ਜਾਣਗੇ ਤੇ ਦੁਪਹਿਰ ਨੂੰ ਲੰਗਰ ਦਾ ਅਨੰਦ ਮਾਣਿਆ ਜਾਵੇਗਾ। ਇਸ ਤੋਂ ਬਾਅਦ ਨੰਦੇੜ ਸਾਹਿਬ ਵੱਲ ਚਾਲੇ ਪਾਏ ਜਾਣਗੇ। ਸ਼ਾਮ ਨੂੰ ਨੰਦੇੜ ਸਾਹਿਬ ਪਹੁੰਚ ਕੇ ਸਰਾਂ ਵਿਚ ਰੈਣ ਵਸੈਰਾ ਹੋਵੇਗਾ। ਰਾਤ ਦਾ ਭੋਜਨ ਕੰਪਨੀ ਵਲੋਂ ਫਿਕਸਡ ਮੈਨਿਉ 'ਤੇ ਅਧਾਰਤ ਰੈਟੋਰੈਂਟ ਵਿਚ ਹੋਵੇਗਾ ਜਿਸ ਦਾ ਖਰਚਾ ਕੰਪਨੀ ਕਰੇਗੀ। ਰਾਤ ਦਾ ਵਿਸ਼ਰਾਮ ਸਰਾਂ ਵਿੱਚ ਹੋਵੇਗਾ।

### 18 ਫਰਵਰੀ (ਦਿਨ 4)



ਸੰਗਤ ਤੜਕੇ ਸਚਖੰਡ ਸ੍ਰੀ ਨੰਦੇੜ ਸਾਹਿਬ ਦੀ ਹਾਜਰੀ ਭਰੇਗੀ। ਨਾਸ਼ਤਾ ਲੰਗਰ ਹਾਲ ਵਿਚ ਹੋਵੇਗਾ। ਠੀਕ 10 ਵਜੇ ਗੁਰਦਵਾਰਾ ਸਹਿਬ ਦੇ ਦਰਸ਼ਨਾਂ ਲਈ ਚਾਲੇ ਪਾਏ ਜਾਣਗੇ। ਗੁਰਦਵਾਰਾ ਬਾਬਾ ਬੰਦਾ ਬਾਹੁਦਰ, ਗੁਰਦਵਾਰਾ ਮਾਲ ਟੇਕੜੀ, ਗੁਰਦਵਾਰਾ ਹੀਰਾ ਘਾਟ, ਗੁਰਦਵਾਰਾ ਮਾਤਾ ਸਾਹਿਬ ਦੇਵਾ ਜੀ ਦੇ ਦਰਸ਼ਨ ਕਰਨ ਉਪਰੰਤ ਇਥੇ ਹੀ ਲੰਗਰ ਛਕਿਆ ਜਾਵੇਗਾ। ਇਸ ਤੋਂ ਬਾਅਦ ਗੁਰਦਵਾਰਾ ਸ਼ਿਕਾਰ ਘਾਟ ਦੇ ਦਰਸ਼ਨ ਉਪਰੰਤ ਚਾਹ ਦਾ ਲੰਗਰ ਛਕਿਆ ਜਾਵੇਗਾ। ਇਸ ਉਪਰੰਤ ਗੁਰਦਵਾਰਾ ਸੰਗਤ ਸਾਹਿਬ ਤੇ ਅਸਤਬਲ ਦੇ ਦਰਸ਼ਨ ਕੀਤੇ ਜਾਣਗੇ। ਗੁਰਦਵਾਰਾ ਨਗੀਨਾ ਘਾਟ ਦੇ ਦਰਸ਼ਨਾ ਤੋਂ ਬਾਅਦ ਗੁਰਦਵਾਰਾ ਬਾਬਾ ਨਿਧਾਨ ਸਿੰਘ ਜੀ ਵਿਖੇ ਰਾਤ ਦਾ ਲੰਗਰ ਹੋਵੇਗਾ। ਰਾਤ ਦਾ ਵਿਸ਼ਰਾਮ ਇੱਥੇ ਸਰਾਂ ਵਿੱਚ ਹੋਵੇਗਾ।

### 19 ਫਰਵਰੀ (ਦਿਨ 5)



ਤੜਕੇ 6 ਵਜੇ ਹੈਦਰਾਬਾਦ ਲਈ ਰਵਾਨਗੀ ਪਾਈ ਜਾਵੇਗੀ ਅਤੇ ਕਿੰਗਸ ਰੈਸਟੋਰੈਂਟ ਵਿੱਚ ਸੰਗਤ ਨੂੰ ਚਾਹ ਪਿਲਾਈ ਜਾਵੇਗੀ। ਹੈਦਰਾਬਾਦ ਪਹੁੰਚ ਕੇ ਇੱਥੋਂ ਦੀ ਮਸ਼ਹੂਰ ਸ਼ਾਕਾਹਾਰੀ ਹੈਦਰਾਬਾਦੀ ਬਰਿਆਨੀ ਦਾ ਅਨੰਦ ਮਾਣਿਆ ਜਾਵੇਗਾ। ਇਸ ਤੋਂ ਬਾਅਦ ਹਵਾਈ ਯਾਤਰਾ ਰਾਹੀਂ ਤਖ਼ਤ ਸ੍ਰੀ ਪਟਨਾ ਸਾਹਿਬ ਪਹੁੰਚਿਆ ਜਾਵੇਗਾ। ਹਵਾਈ ਯਾਤਰਾ ਦਾ ਸਮਾਂ 2 ਘੰਟੇ ਦਾ ਹੋਵੇਗਾ। ਹੋਟਲ ਵਿਚ ਚੈਕ ਇਨ ਕਰਨ ਉਪਰੰਤ ਡਿਨਰ ਤਿਆਰ ਮਿਲੇਗਾ।

### 20 ਫਰਵਰੀ (ਦਿਨ 6)



ਸਵੇਰੇ ਨਾਸ਼ਤੇ ਤੋਂ ਬਾਅਦ ਜਨਮ ਅਸਥਾਨ ਸਚਖੰਡ ਸ਼੍ਰੀ ਪਟਨਾ ਸਾਹਿਬ ਦੇ ਦਰਸ਼ਨਾਂ ਲਈ ਚਾਲੇ ਪਾਏ ਜਾਣਗੇ। ਗੁਰਦਵਾਰਾ ਕੰਗਣ ਘਾਟ ਤੇ ਗੁਰਦਵਾਰਾ ਬਾਲ ਲੀਲਾ ਸਾਹਿਬ ਦੇ ਧਰਸ਼ਨ ਕੀਤੇ ਜਾਣਗੇ। ਦੁਪਹਿਰ ਦਾ ਲੰਗਰ ਗੁਰਦਵਾਰਾ ਬਾਲ ਲੀਲਾ ਸਾਹਿਬ ਵਿੱਚ ਹੋਵੇਗਾ। ਇਸ ਉਪਰੰਤ ਗੁਰਦਵਾਰਾ ਗਊ ਘਾਟ, ਗੁਰਦਵਾਰਾ ਗੁਰੁ ਕਾ ਬਾਗ, ਗੁਰਦਵਾਰਾ ਹਾਂਡੀ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਉਪਰੰਤ ਵਾਪਸ ਹੋਟਲ 'ਚ ਡਿਨਰ ਉਪਰੰਤ ਰਾਤਰੀ ਵਿਸ਼ਰਾਮ ਹੋਵੇਗਾ।

### 21 ਫਰਵਰੀ (ਦਿਨ 7)



ਨਾਸ਼ਤਰਾ ਕਰਨ ਉਪਰੰਤ ਸ੍ਰੀ ਪਟਨਾ ਸਾਹਿਬ ਤੋਂ ਹਵਾਈ ਅੱਡੇ ਲਈ ਚਾਲੇ ਪਾਏ ਜਾਣਗੇ ਤੇ ਹਵਾਈ ਯਾਤਰਾ ਰਾਹੀਂ ਚੰਡੀਗੜ੍ਹ ਪਹੁੰਚਿਆ ਜਾਵੇਗਾ। ਇੱਥੇ ਵਿਸ਼ਵ ਪ੍ਰਸਿੱਧ ਸੁਖਨਾ ਲੇਕ ਘੁੰਮਣ ਉਪਰੰਤ ਹੋਟਲ ਚੈੱਕ ਇਨ ਕੀਤਾ ਜਾਵੇਗਾ ਤੇ ਡਿਨਰ ਉਪਰੰਤ ਰਾਤਰੀ ਵਿਸ਼ਰਾਮ ਹੋਵੇਗਾ।

### 22 ਫਰਵਰੀ (ਦਿਨ 8)



ਨਾਸ਼ਤੇ ਕਰਨ ਉਪਰੰਤ ਟਰੇਨ ਰਾਹੀਂ ਤਖ਼ਤ ਸ੍ਰੀ ਆਨੰਦਪੁਰ ਸਾਹਿਬ ਨੂੰ ਚਾਲੇ ਪਾਏ ਜਾਣਗੇ। ਜਿਥੇ ਗੁਰਦਵਾਰਾ ਸ੍ਰੀ ਕੇਸਗੜ ਸਾਹਿਬ, ਗੁਰਦਾਵਾਰਾ ਸੀਸ ਗੰਜ ਸਾਹਿਬ, ਗੁਰਦਵਾਰਾ ਭੌਰਾ ਸਾਹਿਬ ਤੇ ਕਿਲਾ ਆਨੰਦਗੜ੍ਹ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਉਪਰੰਤ ਬਠਿੰਡਾ ਲਈ ਚਾਲੇ ਪਾਏ ਜਾਣਗੇ। ਡਿਨਰ ਅਤੇ ਰਾਤਰੀ ਸਟੇਅ ਹੋਟਲ ਵਿਚ ਹੋਵੇਗਾ।

### 23 ਫਰਵਰੀ (ਦਿਨ 9)



ਸਵੇਰੇ ਨਾਸ਼ਤੇ ਉਪਰੰਤ ਤਖਤ ਸ੍ਰੀ ਦਮਦਮਾ ਸਾਹਿਬ ਦੇ ਦਰਸ਼ਨਾ ਲਈ ਚਾਲੇ ਪਾਏ ਜਾਣਗੇ। ਬੁਰਜ ਬਾਬਾ ਦੀਪ ਸਿੰਘ ਜੀ ਦੇ ਦਰਸ਼ਨਾ ਤੋਂ ਬਾਅਦ ਲੰਗਰ ਦਾ ਅਨੰਦ ਮਾਣਿਆ ਜਾਵੇਗਾ। ਉਪਰੰਤ ਸ੍ਰੀ ਅੰਮ੍ਰਿਤਸਰ ਸਾਹਬਿ ਲਈ ਚਾਲੇ ਪਾਏ ਜਾਣਗੇ। ਡਿਨਰ ਅਤੇ ਰਾਤਰੀ ਸਟੇਅ ਹੋਟਲ ਵਿਚ ਹੋਵੇਗਾ।

### 24 ਫਰਵਰੀ (ਦਿਨ 10)



ਸਵੇਰੇ ਨਾਸ਼ਤੇ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਜਲ੍ਹਿਆਂਵਾਲਾ ਬਾਗ ਵੇਖਿਆ ਜਾਵੇਗਾ। ਦੁਪਹਿਰ ਦਾ ਲੰਗਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਛਕਿਆ ਜਾਵੇਗਾ। ਇਸ ਤੋਂ ਬਾਅਦ ਭਾਰਤ-ਪਾਕਿਸਤਾਨ ਦੀ ਵੰਡ ਨੂੰ ਦਰਸਾਉਂਦਾ ਪਾਰਟੀਸ਼ਨ ਮਿਊਜੀਅਮ ਵਿਖਾਇਆ ਜਾਵੇਗਾ। ਸ਼ਾਮ ਨੂੰ ਵਾਹਗਾ ਬਾਰਡਰ ਪਹੁੰਚ ਕੇ ਰੀਟਰੀਟ ਸੇਰੇਮਨੀ ਦਿਖਾਈ ਜਾਵੇਗੀ। ਡਿਨਰ ਅਤੇ ਰਾਤਰੀ ਵਿਸ਼ਰਾਮ ਹੋਟਲ ਵਿੱਚ ਹੋਵੇਗਾ।

### 25 ਫਰਵਰੀ (ਦਿਨ 11)

ਨਾਸ਼ਤੇ ਕਰਨ ਉਪਰੰਤ ਸੰਗਤ ਜਲੰਧਰ ਲਈ ਚਾਲੇ ਪਾਵੇਗੀ ਅਤੇ ਗੁਰਦਵਾਰਾ ਦੁਖ ਨਿਵਾਰਨ ਪਾਤਸ਼ਾਹੀ 9ਵੀਂ ਪਹੁੰਚ ਕੇ ਅਮਿੱਟ ਧਾਰਮਿਕ ਤੇ ਇਤਿਹਾਸਕ ਯਾਦਾਂ ਸਮੇਟਦਿਆਂ, ਫਿਰ ਮਿਲਣ ਦੇ ਵਾਅਦੇ ਅਤੇ ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਟੂਰ ਦੀ ਸਮਾਪਤੀ ਹੋਵੇਗੀ।

ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼ ਨਾਲ ਯਾਤਰਾ ਕਰਨ ਲਈ ਧੰਨਵਾਦ ਅਤੇ ਵਾਹਿਗੁਰੂ ਜੀ ਦਾ ਕੋਟਿਨ-ਕੋਟਿ ਧੰਨਵਾਦ। ਤੁਹਾਨੂੰ ਹੋਰ ਧਾਰਮਿਕ ਤੇ ਇਤਿਹਾਸਕ ਯਾਤਰਾ 'ਤੇ ਜਲਦ ਲੈ ਕੇ ਜਾਣ ਦਾ ਵਾਅਦਾ ਕਰਦੇ ਹਾਂ।

--★ ਯਾਤਰਾ ਵਿੱਚ ਸ਼ਾਮਲ ਹੋਣ ਅਤੇ ਹੋਰ ਵਧੇਰੇ ਜਾਣਕਾਰੀ ਲਈ ਦਿੱਤੇ ਗਏ ਨੰਬਰਾਂ 'ਤੇ ਸੰਪਰਕ ਕਰੋ ★--


| | | | |
|---|---|---|---|
| **RAGHBIR SINGH** | **PARAMJIT SHERGILL** | **INDERJIT KAUR** | **KULWINDER MANN** |
| **+44 7458 381111, +44 7976 210161** | **+44 7858 198159** | **+44 7883 635835** | **+44 7900 982906** |

ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ

ਵਾਹਿਗੁਰੂ ਜੀ ਕਾ ਖਾਲਸਾ ।

ਆਵਾਜ਼ਿ ਕੌਮ
AWAZE QAUM

ਆਵਾਜ਼ਿ-ਕੌਮ
ਟੂਰ ਐਂਡ ਟਰੈਵਲਜ਼

ਵਾਹਿਗੁਰੂ ਜੀ ਕੀ ਫ਼ਤਹਿ ॥

**RAGHBIR SINGH (Call : +44 7976 210161)**
**121. Broadway west Walsall, West Midlands, WS1 4DW, England uk**


ਸ੍ਰੀ ਅਕਾਲ ਤਖ਼ਤ ਸਾਹਿਬ
SRI AKAL TAKHAT SAHIB


ਸ੍ਰੀ ਪਟਨਾ ਸਾਹਿਬ
SRI PATNA SAHIB


ਸ੍ਰੀ ਕੇਸਗੜ੍ਹ ਸਾਹਿਬ
SRI KESGARH SAHIB


ਸ੍ਰੀ ਦਮਦਮਾ ਸਾਹਿਬ
SRI DAMDAMA SAHIB


ਸ੍ਰੀ ਹਜ਼ੂਰ ਸਾਹਿਬ
SRI HAZUR SAHIB

# PANJ TAKHAT YATRA

**Thank you for choosing us to go to PANJ TAKHAT YATRA in February 2026 (15th Feb – 25thFeb 2026). During the stay we will try to provide you with all the possible facilities to make this trip a memorable one.**

## Tour Package

**Akal Takhat Sahib & 5 Other Places**
**Hydrabad & 5 Other Places**
**Hazur Sahib & 8 Other Gurudwaras**
**Patna Sahib & 5 Other Gurudwaras**
**Chandigarh & Sukhna Lake**
**Anandpur Sahib & 4 Other Gurudwaras**
**Damdama Sahib & 3 Other Gurudwaras**

- Luxury Hotel With Breakfast & Dinner
- Luxury Air-Conditioned Coaches
- Domestic Flights
- Guided
- Flexibility to stay in India before & after the trip
- Starting and Ending Point at Jalandhar

**Note : To Book Deposit £600 as an advance into the mendioned bank account balance amout need to be deposited 2 weeks before the travel date.**

**Account Name : RAGHBIR SINGH**
**Bank Name : HALIFAX**
**Sort Code : 11-08-07**
**Account No. : 00516474**

**Contact Detail :**
**+44 7458 381111 +44 7976 210161**
**email: gnstuk@hotmail.com**

To Book please ring (+44 7458 381111) or WhatsApp (+44 7976 210161) / email (gnstuk@hotmail.com) the next of kin form along with a copy of your passport.

**--ADVICE--**
**Request to all Sangat to have own travel Insurance individualy!**

**Program is subject to change without Prior Notice.**

ਆਵਾਜ਼ਿ ਕੌਮ AWAZE QAUM

## JOURNEY OF A LIFE TIME
# PANJ TAKHT YATRA
## 5 TAKHAT YATRA - 10 NIGHTS / 11 DAYS

ਆਵਾਜ਼ਿ ਕੌਮ AWAZE QAUM

### 15th FEB. Day 1st.



**Meeting** at Gurdwara Sri Dukh Niwaran sahib patshahi 9 Guru Teg Bahadur Nagar Jalandhar and start the journey on ward drive to Amritsar sahib stop at Kartar pur to see Jung e Ajadi museum ( if it is open) later drive to Amritsar check in hotel and later visit to Sri Akal Takhat sahib back to hotel and dinner in the hotel.

### 16th Feb. Day 2nd.



Early morning check out to drive to airport to take flight at 730 am to Hyderabad after arrival and proceed to see the museum than back to the hotel check in and lunch in the hotel later at 4 pm proceed to visit char minar dinner will be paid by the people directly.

### 17th Feb Day 3rd



After break fast drive to Bidar it is 3 hrs journey on arrival Darshan and lunch at the Langar than drive to Nanded again 3 hrs journey reach there check in sran and do darshan dinner at the langar.

### 18th Feb Day4th



Morning Darshan and break fast in the Langar After breakfast start for the tour of Gurdwaras, Visit to Gurdwara Nagina Ghat, Gurdwara Baba Banda Bahadur ji, Gurdwara Mal Tekri sahib, Gurdwara Heera Ghat later Gurdwara Mata Sahib Deva ji- Lunch in the langar, later to gurdwara Shikar Ghat here you have tea with pakoras later to gurdwara Sangat sahib back to city of Nanded and visit to Gurdwara Baba Nidhan singh ji, dinner at the Langar of Baba Nidhan singh ji

### 19th Feb Day5th



Leave at 6 am and drive to Hyderabaad we will stop at kings restaurant for quick tea and to use of wash rooms than to Hyderabad at paradise restaurant to have quick hyderabaadi veg biryani paid by the AWAJE QUAM TOURS from here we proceed to airport for the flight to Patna sahib arrival and we proceed to our hotel check in and dinner in the hotel

### 20th Feb. Day 6th



After break fast proceed to visit to Gurdwara Sach Khand Sri Patna sahib later Gurdwara Bal Leela sahib and Langar here later visit to Gurdwara Kangan Ghat sahib, Gurdwara Gau Ghat sahib Gurdwara Guru Ka Bagh and gurdwara Handi sahib back to our hotel and do dinner

### 21st Feb Day 7th



After Break fast proceed to the airport for the flight to chandigarh arrival and from here we go to visit to Sukhna lake later check in the hotel dinner at the hotel and relax.

### 22th Feb Day 8th



After breakfast proceed to visit to Anandpur sahib lunch at the langar later drive to Bathinda check in hotel and dinner at the hotel and relax.

### 23rd Feb Day 9th



After break fast proceed at 9 am to visit Takhat sri Damdama Sahib lunch at the Langar after that we proceed to Sri Amritsar sahib check in hotel dinner at the hotel.

### 24th Feb Day 10th



After break fast proceed at 9 am to visit Sri Harimander sahib, jallianwala bagh Parition Musuem and lunch at the Bharawan da dhabha by the AWAJE QAUM TOURS than drive to Wagah Border, See the ceremony then back to the hotel. Dinner at the hotel.

### 25th Feb Day 11th

**After breakfast proceed to Jalandhar to end the tour with happy memories and with promise to travel again together at Gurdwara Sri Dukh Niwaran sahib Patshahi 9th Guru Teg Bahdur ji Nagar.**

**THANKS FOR TRAVELLING WITH US & STAY BLESSED! LOOKING FORWARD TO TAKE YOU TO ON ANOTHER GREAT JOURNEY**

**FOR MORE INFORMATION PLS. CONTACT**

| RAGHBIR SINGH | PARAMJIT SHERGILL | INDERJIT KAUR | KULVINDER MANN |
|---|---|---|---|
| +44 7458 381111, +44 7976 210161 | +44 7858 198159 | +44 7883 635835 | +44 7900 982906 |

ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ

ਆਵਾਜ਼ਿ ਕੌਮ AWAZE QAUM TV

# AWAZE QAUM TOURS & TRAVELS

ORGANISE

# PANJ TAKHAT YATRA

# ਪੰਜ ਤਖ਼ਤ ਦਰਸ਼ਨ ਯਾਤਰਾ

## ( FROM 15th FEB 2026 TO 25th FEB 2026 )

10 Nights 11 Days Tour From 15th Feb 2026 to 25th Feb 2026

**AKAL TAKHAT SAHIB & 5 OTHER PLACES | HYDRABAD & 2 OTHER PLACES**
**HAZUR SAHIB & 8 OTHER GURUDWARAS | PATNA SAHIB & 5 OTHER GURUDWARA**
**CHANDIGARH & SUKHNA LAKE | ANANDPUR SAHIB & 4 OTHER GURUDWARAS**
**DAMDAMA SAHIB & 3 OTHER GURUDWARAS**

- Luxury Hotel with Breakfast & Dinner
- Luxury Air-conditioned Coaches
- Domestic Flights
- Guide
- Flexibility to stay in India before & after the trip*
- Starting and Ending Point at Jalandhar

NOTE: TO BOOK DEPOSIT £600 AS AN ADVANCE INTO THE MENTIONED BANK ACCOUNT
BALANCE AMOUNT NEED TO BE DEPOSITED 2 WEEKS BEFORE THE TRAVEL DATE

Account Name
RAGHBIR SINGH
Bank Name
HALIFAX
Sort Code 11-08-07
Account Number
00516474

**ADVICE**

REQUEST TO ALL SANGAT TO HAVE YOUR OWN TRAVEL INSURANCE INDIVIDUALLY !

**FOR MORE INFO CONTACT**

**RAGHBIR SINGH**
(CALL +44 7458 381111, +44 7976 210161)

PARAMJIT SHERGILL +44 7858 198159

INDERJIT KAUR +44 7883 635835

KULVINDER MANN +44 7900 982906

121, BROADWAY WEST WALSALL, WEST MIDLANDS, WS1 4DW, ENGLAND UK

# ਦੇਗ ਤੇਗ ਫ਼ਤਿਹ



## ਸ੍ਰੀ ਅਖੰਡ ਪਾਠ ਸਾਹਿਬ

# SRI AKHAND PAATH SAHIB

## 18-20TH JULY 2025

**SRI GURU SINGH SABHA SOUTHALL, PARK AVENUE I UB13AG**

ਸ਼ਹੀਦ ਜਨਰਲ ਲਾਭ ਸਿੰਘ ਮੁਖੀ ਖਾਲਿਸਤਾਨ ਕਮਾਂਡੋ ਫੋਰਸ : ਸ਼ਹੀਦ ਜਨਰਲ ਅਵਤਾਰ ਸਿੰਘ ਬ੍ਰਹਮਾ ਮੁਖੀ ਖਾਲਿਸਤਾਨ ਲਿਬਰੇਸ਼ਨ ਫੋਰਸ : ਸ਼ਹੀਦ ਜਨਰਲ ਗੁਰਜੰਟ ਸਿੰਘ ਬੁਧਸਿੰਘ ਵਾਲਾ ਮੁਖੀ ਖਾਲਿਸਤਾਨ ਲਿਬਰੇਸ਼ਨ ਫੋਰਸ : ਸ਼ਹੀਦ ਭਾਈ ਮਹਿੰਦਰ ਸਿੰਘ ਟੋਰੰਟੋ (ਕੈ ਨੇਡਾ)

**ਸਿੱਖ ਫੈਡਰੇਸ਼ਨ ਯੂ. ਕੇ.**

ਪਰਮਿੰਦਰ ਸਿੰਘ ਬੱਲ ਪ੍ਰਧਾਨ, ਅਜੀਤਪਾਲ ਸਿੰਘ ਸਹੋਤਾ ਜਨਰਲ ਸਕੱਤਰ, ਹਰਮੇਲ ਸਿੰਘ ਖ਼ਾਲਸਾ ਆਰਗੇਨਾਈਜ਼ਰ ਟੈਲੀਫ਼ੋਨ : 07771 608 363, ਈ-ਮੇਲ : PSBAL46@gmail.com

# ⋆ ਸ਼ਹੀਦੀ ਸਮਾਗਮ ⋆

ਸ੍ਰੀ ਆਖੰਡ ਪਾਠ ਦੇ ਭੋਗ ਉਪਰੰਤ - 11 ਵਜੇ ਤੋਂ ਇਕ ਵਜੇ ਤੱਕ ਦੀਵਾਨ ਸਜੇਗਾ। ਪੰਥਕ ਬੁਲਾਰੇ ਸ਼ਹੀਦ ਸਿੰਘਾਂ ਦੀਆਂ ਜੀਵਨੀਆਂ ਤੇ ਵਿਚਾਰ ਰੱਖਣਗੇ। ਸਮੂੰਹ ਪੰਥਕ ਆਗੂਆਂ ਨੂੰ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ। ਸੰਗਤਾਂ ਨੂੰ ਹੁੰਮ-ਹੁਮਾ ਕੇ ਪੁੱਜਣ ਦੀ ਅਪੀਲ ਕੀਤੀ ਜਾਂਦੀ ਹੈ।


DAMDAMI TAKSAL
JATHA (UK & EUROPE)
ਅੰਮ੍ਰਿਤ ਸੰਚਾਰ
AMRIT SANCHAR
SOUTHALL
ਆਵਾਜ਼ਿ ਕੌਮ
AWAZE QAUM
International Newspaper & WEB TV
SUNDAY 20TH JULY | 1PM
SRI GURU SINGH SABHA SOUTHALL
2-8 PARK AVE | SOUTHALL | UB1 3AG
ਕੇਸੀ ਇਸ਼ਨਾਨ ਕਰਕੇ ਪਹੁੰਚੋ । ਕੱਕਾਰ ਉਪਲਬਧ ਹੋਣਗੇ
ARRIVE AFTER DOING FULL KESI ISHNAAN (BODY & HAIR WASH)
KAKKARS WILL BE AVAILABLE
CONTACT 07940 270 120 FOR MORE DETAILS

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear death of conscience is a sure death

Sant Jarnail Singh Ji Khalsa Bhindranwale

www.damdamitaksal.net



ਦਮਦਮੀ ਟਕਸਾਲ

ਜਥਾ ਭਿੰਡਰਾਂ (ਮਹਿਤਾ)

www.damdamitaksal.net

ਨਾਮ ਜਪੋ ਕਿਰਤ ਕਰੋ ਵੰਡ ਛਕੋ

Naam Japo Kirat Karo Vand Shako

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ

Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ

Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ

Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ

Learn Gurmukhi Punjabi

ਗਤਕਾ ਸਿੱਖੋ Learn Gatka

www.damdamitaksal.net



ਆਵਾਜ਼ਿ ਕੌਮ

Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I

Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


ਦੇਗ ਤੇਗ ਫ਼ਤਿਹ – ਪੰਥ ਕੀ ਜੀਤ

ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਅਤੇ ਮਾਤਾ ਸਾਹਿਬ ਕੌਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ



ਧੰਨ-ਧੰਨ ਮਾਤਾ ਸਾਹਿਬ ਕੌਰ ਜੀ

# 29ਵਾਂ ਸਲਾਨਾ ਜੋੜ ਮੇਲਾ

# ਗੁਰਮਤਿ ਸਮਾਗਮ

**1 ਨਵੰਬਰ 2025, ਦਿਨ ਸ਼ਨੀਵਾਰ ਨੂੰ**

**ਬੱਬਰਾਂ ਦੇ ਹਾਈ ਕੋਰਟ ਗੁਰਦੁਆਰਾ ਸ਼ਹੀਦਾਂ, ਜੱਸੋਵਾਲ ਵਿਖੇ**

ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।



ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ

ਲੜੀ ਅਰੰਭ ਸ੍ਰੀ ਅਖੰਡ ਪਾਠ ਸਾਹਿਬ -20 ਅਕਤੂਬਰ, ਸੋਮਵਾਰ, ਸਵੇਰੇ 10 ਵਜੇ

ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ -1 ਨਵੰਬਰ, ਸ਼ਨੀਵਾਰ, ਸਵੇਰੇ 9 ਵਜੇ

ਜੋੜ ਮੇਲੇ ਵਿੱਚ ਸਿੰਘ ਸਾਹਿਬਾਨ, ਦਮਦਮੀ ਟਕਸਾਲ, ਸੰਤ ਮਹਾਂਪੁਰਸ਼, ਸੰਪਰਦਾਵਾਂ ਦੇ ਮੁਖੀ, ਨਿਹੰਗ ਸਿੰਘ ਜਥੇਬੰਦੀਆਂ, ਸ਼੍ਰੋਮਣੀ ਕਮੇਟੀ ਮੈਂਬਰ, ਨਿਰਮਲੇ, ਉਦਾਸੀ, ਧਾਰਮਿਕ, ਕਿਸਾਨ ਆਗੂ, ਹਰ ਪਾਰਟੀ ਦੇ ਸਿਆਸੀ ਲੀਡਰ, ਇੰਟਰਨੈਸ਼ਨਲ ਪੰਥਕ ਦਲ ਯੂ.ਕੇ. ਅਤੇ ਭਾਰਤ ਦੇ ਸਮੂਹ ਅਹੁਦੇਦਾਰ ਅਤੇ ਨਾਮਵਰ ਰਾਗੀ-ਢਾਡੀ-ਕਵੀਸ਼ਰ ਜਥੇ ਪਹੁੰਚ ਰਹੇ ਹਨ।

**ਨੋਟ : ਇਹ ਸਮਾਗਮ 13 ਦਿਨ ਚੱਲੇਗਾ**

ਸਮੂਹ ਸੰਗਤ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਗੁਰੂ ਦੇ ਲੰਗਰ ਅਤੇ ਚਾਹ ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।



ਬੇਨਤੀ ਕਰਤਾ

**ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ**

ਦਮਦਮੀ ਟਕਸਾਲ ਭਿੰਡਰਾਂ ਵਾਲੇ

ਜਾਰੀ ਕਰਤਾ : ਭਾਈ ਜਰਨੈਲ ਸਿੰਘ ਢਿੱਲੋਂ, ਬੀਬੀ ਅਰਸ਼ਪ੍ਰੀਤ ਕੌਰ 84278-66404

ਸੰਪਰਕ ਨੰਬਰ
98141-27470
84278-66404
73408-35137



ੴ ਸਤਿਗੁਰ ਪ੍ਰਸਾਦਿ
ਸਿਖਹੁ ਸੁਣਹੁ ਸੀਖ ਇਹ ਮੇਰੀ ॥ ਬਾਣੀ ਪੜਹੁ ਸੁਧ ਗੁਰ ਕੇਰੀ ॥ ਪੜੈ ਮਹਾਤਮ ਲਹੈ ਬਿਸਾਲਾ ॥ ਹਲਤ ਪਲਤ ਮਹਿ ਹੋਇ ਨਿਹਾਲਾ ॥
ਗੁਰਦੁਆਰਾ ਸਾਹਿਬ ਰਿਵਰਸਾਈਡ
ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ,
ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ 350 ਸਾਲਾ ਗੁਰਤਾਗੱਦੀ ਸ਼ਤਾਬਦੀ ਅਤੇ ਭਾਈ ਮਤੀ ਦਾਸ ਜੀ,
ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ
ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵੱਲੋਂ
ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਸਹਿਯੋਗ ਨਾਲ
ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ੁੱਧ ਪਾਠ ਬੋਧ (ਸੰਥਿਆ) ਸਮਾਗਮ
ਜੂਨ 29, 2025 ਤੋਂ ਅਗਸਤ 3, 2025 ਤੱਕ
ਸ਼ਨੀਵਾਰ ਅਤੇ ਐਤਵਾਰ ਦੁਪਹਿਰ 2:00 ਤੋਂ 5:00 ਵਜੇ ਤੱਕ
ਸੋਮਵਾਰ ਤੋਂ ਸ਼ੁੱਕਰਵਾਰ ਸ਼ਾਮ 5:00 ਤੇ 8:00 ਵਜੇ ਤੱਕ
ਸੰਗਤਾਂ ਨੂੰ ਬੇਨਤੀ ਹੈ ਕਿ ਗੁਰਬਾਣੀ ਦੇ ਸ਼ੁੱਧ ਉਚਾਰਨ ਸਿੱਖਣ ਲਈ ਸਮਾਗਮਾਂ ਵਿੱਚ ਸ਼ਾਮਿਲ ਹੋ ਕੇ ਲਾਹਾ ਪ੍ਰਾਪਤ ਕਰੋ ਜੀ
YouTube LIVE STREAM @gurdwarasahibriverside
951-201-7034, 832-541-9136, 951-685-9701
7940 Mission Blvd Jurupa Valley 92509
ਆਵਾਜ਼ਿ ਕੌਮ AWAZE QAUM International Newspaper & WEB TV




--✶ ਗੁਰੂ ਪੰਥ ਦਾ ਸੇਵਾਦਾਰ ✶--
ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ
ਮੁਖੀ ਦਮਦਮੀ ਟਕਸਾਲ, ਜਥਾ ਭਿੰਡਰਾਂ, ਮਹਿਤਾ
ਅਤੇ ਪ੍ਰਧਾਨ ਸੰਤ ਸਮਾਜ

# ਅਨੂਜੀਤ ਸਿੰਘ ਵਾਲੀਆ ਨਮਿਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਏ



**ਚੌਕ ਮਹਿਤਾ, 17 ਜੁਲਾਈ ( ਬਾਬਾ ਸੁਖਵੰਤ ਸਿੰਘ ਚੰਨਣਕੇ )** -ਦਸ਼ਮੇਸ਼ ਵਿਦਿਅਕ ਸੰਸਥਾਵਾਂ ਬਾਬਾ - ਬਕਾਲਾ ਸਾਹਿਬ ਅਤੇ ਦਸ਼ਮੇਸ਼ ਵਿਦਿਅਕ ਸੰਸਥਾਵਾਂ ਮਹਿਤਾ-ਚੌਂਕ ਦੇ ਪ੍ਰਮੁੱਖ ਅਦਾਰੇ ਨਿਊ ਇੰਡੀਅਨ ਪਬਲਿਕ ਸਕੂਲ, ਬੁਤਾਲਾ ਦੇ ਮੈਨੇਜਿੰਗ-ਡਾਇਰੈਕਟਰ ਅਨੂਜੀਤ ਸਿੰਘ ਵਾਲੀਆ , ਜੋ ਕਿ ਕੁਝ ਦਿਨ ਪਹਿਲਾਂ ਅਕਾਲ ਚਲਾਣਾ ਕਰ ਗਏ ਸਨ ਉਹਨਾਂ ਨਮਿਤ ਰੱਖੇ ਗਏ ਅਖੰਡ -ਪਾਠ ਸਾਹਿਬ ਦੇ ਭੋਗ ਅਤੇ ਅੰਤਿਮ ਅਰਦਾਸ ਅੱਜ ਸਕੂਲ ਕੰਪਲੈਕਸ ਵਿੱਚ ਪਾਏ ਗਏ ,ਇਸ ਮੌਕੇ ਤੇ ਇਲਾਕੇ ਦੀਆਂ ਸੰਗਤਾਂ ਨੇ ਭਾਰੀ ਗਿਣਤੀ ਵਿੱਚ ਸ਼ਿਰਕਤ ਕੀਤੀ। ਇਸ ਮੌਕੇ ਤੇ ਦਮਦਮੀ- ਟਕਸਾਲ ਦੇ ਪ੍ਰਸਿੱਧ ਰਾਗੀ ਜੱਥੇ ਭਾਈ ਗੁਰਲਾਲ ਸਿੰਘ ਜੀ ਦੇ ਜਥੇ ਵੱਲੋਂ ਬੈਰਾਗ ਮਈ ਕੀਰਤਨ ਕੀਤਾ ਗਿਆ ਅਤੇ ਸਕੂਲ ਦੇ ਵਿਦਿਆਰਥੀਆਂ ਨੇ ਸ਼ਰਧਾਂਜਲੀ ਭੇਂਟ ਕਰਦੇ ਹੋਏ ਸ਼ਬਦ- ਗਾਇਨ ਕੀਤੇ ।ਇਸ ਤੋਂ ਉਪਰੰਤ ਦਮਦਮੀ ਟਕਸਾਲ ਦੇ ਹਜੂਰੀ ਕਥਾਵਾਚਕ ਗਿਆਨੀ ਸਾਹਿਬ ਸਿੰਘ ਜੀ ਦਮਦਮੀ ਟਕਸਾਲ ਵੱਲੋਂ ਕਥਾ -ਵਿਚਾਰਾਂ ਹੋਈਆਂ ।ਇਸ ਤੋਂ ਉਪਰੰਤ ਦਮਦਮੀ ਟਕਸਾਲ ਦੇ ਮੌਜੂਦਾ ਮੁੱਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਜਥੇਦਾਰ ਬਾਬਾ ਬੋਹੜ ਸਿੰਘ, ਪ੍ਰਿੰਸੀਪਲ ਰਹਸਦੀਪ ਵੱਲੋ ਅਨੂਜੀਤ ਸਿੰਘ ਵਾਲੀਆਂ ਦੇ ਸਪੁੱਤਰ ਨੂੰ ਦਸਤਾਰ ਭੇਟ ਕੀਤੀ ਗਈ। ਦਸ਼ਮੇਸ਼ ਵਿਦਿਅਕ ਸੰਸਥਾਵਾਂ ਦੇ ਚੇਅਰਮੈਨ ਪ੍ਰਿੰਸੀਪਲ ਗੁਰਦੀਪ ਸਿੰਘ ਰੰਧਾਵਾ ਜੀ ਪਰਿਵਾਰ ਦਾ ਦੁੱਖ ਸਾਂਝਾ ਕਰਨ ਲਈ ਉਚੇਚੇ ਤੌਰ ਤੇ ਪਹੁੰਚੇ। ਸੰਸਥਾਵਾਂ ਦੇ ਪ੍ਰਧਾਨ ਕੁਲਬੀਰ ਸਿੰਘ ਮਾਨ ਅਤੇ ਜਨਰਲ ਸਕੱਤਰ ਹਰਸ਼ਦੀਪ ਸਿੰਘ ਰੰਧਾਵਾ ਨੇ ਮੈਡਮ ਮਨਜੀਤ ਕੌਰ ਵਾਲੀਆ ਅਤੇ ਉਨ੍ਹਾਂ ਦੇ ਸਪੁੱਤਰ ਨੂੰ ਹਰ ਵਕਤ ਹੌਸਲਾ ਬਣਾਈ ਰੱਖਣ ਦਾ ਸੁਨੇਹਾ ਦਿੱਤਾ ਅਤੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

ਆਵਾਜ਼ਿ ਕੌਮ AWAZE QAUM International Newspaper & WEB TV

ਇਸ ਮੌਕੇ ਤੇ ਸ੍ਰੀ ਸੁਰਜੀਤ ਸ਼ਰਮਾ ਬਬਲੂ( ਸੈਕਟਰੀ ਰਾਸਾ )ਤੋਂ ਇਲਾਵਾ ਗੁਰਜੀਤ ਸਿੰਘ ਪ੍ਰਿੰਸੀਪਲ ਸੰਤ ਮਾਜਾ ਸਿੰਘ ਕਰਮਜੋਤ ਸੀਨੀਅਰ ਸੈਕੰਡਰੀ ਸਕੂਲ ਬਾਬਾ -ਬਕਾਲਾ ਸਾਹਿਬ, ਸੂਰਜ ਸਿੰਘ ਪ੍ਰਿੰਸੀਪਲ ਸੇਂਟ ਸੋਲਜਰ ਪਬਲਿਕ ਸਕੂਲ, ਠੱਠੀਆਂ , ਸੁਮੀਤ ਸ਼ਰਮਾ ਜੀ ਵਾਈਸ ਪ੍ਰਿੰਸੀਪਲ ਡਿਪਸ ਮਹਿਤਾ,ਪਰਮਜੀਤ ਸਿੰਘ ਸਰਪੰਚ ਪਿੰਡ ਟਕਾਪੁਰ ,ਗੁਰਦੀਪ ਸਿੰਘ ਪ੍ਰਿੰਸੀਪਲ ਖਾਲਸਾ ਅਕੈਡਮੀ ਅਤੇ ਕਾਲਜ ਮਹਿਤਾ -ਚੌਂਕ , ਸਤਨਾਮ ਸਿੰਘ (ਜੋਧੇ) ਪ੍ਰਧਾਨ ਮਨਿਉਰਿਟੀ ਕਮਿਸ਼ਨ ,ਪੰਜਾਬ ,ਸਰਦਾਰ ਰੁਪਿੰਦਰ ਸਿੰਘ ਪ੍ਰਿੰਸੀਪਲ ਐਸ .ਐਮ .ਐਸ .ਗਲੋਬਲ ਸਕੂਲ ਬੁਤਾਲਾ , ਜਸਬੀਰ ਸਿੰਘ ਵਾਈਸ ਪ੍ਰਿੰਸੀਪਲ ਸੰਤ ਬਾਬਾ ਨੱਥਾ ਸਿੰਘ ਜੀ ਸਕੂਲ ,ਬੁਤਾਲਾ ,ਮੈਡਮ ਹਰਪ੍ਰੀਤ ਕੌਰ ਪ੍ਰਿੰਸੀਪਲ ਦਸ਼ਮੇਸ਼ ਹੈਰੀਟੇਜ ਪਬਲਿਕ ਸਕੂਲ ,ਮਹਿਤਾ -ਚੌਂਕ , ਜਗਤਾਰ ਸਿੰਘ ਸਰਪੰਚ ਪਿੰਡ ਗੱਗੜਵਾਣਾ , ਰਜਿੰਦਰ ਸਿੰਘ ਸਤਿਨਾਮ ਸਰਬ ਕਲਿਆਣ ਟਰਸਟ ਚੰਡੀਗੜ੍ਹ , ਕਰਮਜੀਤ ਸਿੰਘ ਵਾਲੀਆ ਫਾਊਂਡਰ ਨਿਪਸ ਸਕੂਲ, ਬੁਤਾਲਾ, ਮੈਡਮ ਤਰਲੋਚਨ ਕੌਰ , ਸ੍ਰੀ ਰਕੇਸ਼ ਕੁਮਾਰ ਪੀ .ਟੀ.ਸੀ .ਰਿਪੋਰਟਰ, ਸ਼ੈਲਿੰਦਰਜੀਤ ਸਿੰਘ ਰਾਜਨ ਪ੍ਰੈੱਸ ਰਿਪੋਰਟਰ ਅਜੀਤ ਨਿਊਜ ਪੇਪਰ , ਮੈਡਮ ਕੁਲਬੀਰ ਕੌਰ ਮਾਨ ਪ੍ਰਿੰਸੀਪਲ ਕੇ.ਜੀ . ਹੋਲੀ -ਹਾਰਟ ਸਕੂਲ ,ਸਰਦਾਰ ਮਨਿੰਦਰ ਸਿੰਘ ਪ੍ਰਿੰਸੀਪਲ ਬੀ.ਐਸ.ਟੀ.ਸੀਨੀਅਰ ਸੈਕੈਂਡਰੀ ਸਕੂਲ ਸੂਜੋ ਕਾਲੀਆ , ਗੁਰਸੇਵਕ ਸਿੰਘ ਪ੍ਰਿੰਸੀਪਲ ਬੀ .ਐਸ.ਟੀ .ਸੀਨੀਅਰ ਸੈਕੰਡਰੀ ਸਕੂਲ ,ਬਿਹਾਰੀਪੁਰ ਅਤੇ ਸਰਦਾਰ ਪ੍ਰਭਜੋਤ ਸਿੰਘ ਬਾਬਾ ਗੋਬਿੰਦ ਸਿੰਘ ਸੀਨੀਅਰ ਸੈਕੰਡਰੀ ਸਕੂਲ ਸਠਿਆਲਾ ਇਸ ਦੁੱਖ ਦੀ ਘੜੀ ਵਿੱਚ ਮਿਲਣ ਆਏ।

## ਧੰਨ ਧੰਨ ਬਾਬਾ ਜੀਵਨ ਸਿੰਘ ਸਰਬ ਸਾਂਝੀ ਸੇਵਾ ਸੁਸਾਇਟੀ (ਪੰਜਾਬ) ਦੀ

# ਮੀਟਿੰਗ ਪਿੰਡ ਰਸੂਲਪੁਰ ਵਿਖੇ ਹੋਈ



ਚੌਕ ਮਹਿਤਾ 17 ਜੁਲਾਈ ( ਬਾਬਾ ਸੁਖਵੰਤ ਸਿੰਘ ਚੰਨਣਕੇ) ਧੰਨ ਧੰਨ ਬਾਬਾ ਜੀਵਨ ਸਿੰਘ ਸਰਬ ਸਾਂਝੀ ਸੇਵਾ ਸੁਸਾਇਟੀ ( ਪੰਜਾਬ) ਦੀ ਮੀਟਿੰਗ ਸੰਤ ਬਾਬਾ ਜਥੇਦਾਰ ਮੇਜਰ ਸਿੰਘ ਸੋਢੀ ਅਤੇ ਭਾਈ ਮਨਜੀਤ ਸਿੰਘ ਦੀ ਅਗਵਾਈ ਹੇਠ ਪਿੰਡ ਰਸੂਲਪੁਰ ਵਿੱਖੇ ਕੀਤੀ ਗਈ। ਮੀਟਿੰਗ ਵਿੱਚ ਸੁਸਾਇਟੀ ਦੇ ਮੁੱਖੀ ਭਾਈ ਮਨਜੀਤ ਸਿੰਘ ਦੱਸਿਆ ਕਿ ਹਲਕਾ ਜੰਡਿਆਲਾ ਗੁਰੂ ਦੇ ਜਿੰਨੇ ਵੀ ਪਿੰਡ, ਸਹਿਰ, ਕਸਬਿਆਂ ਵਿੱਚ ਸਾਡੀ ਸੁਸਾਇਟੀ ਦੇ ਸੇਵਾਦਾਰ ਦਿਨ ਰਾਤ ਇੱਕ ਕਰਕੇ ਲੋੜਵੰਦਾਂ ਦੀ ਸੇਵਾ ਕਰ ਰਹੇ ਹਨ। ਜਿਸ ਤਰ੍ਹਾਂ ਫ਼ਰੀ ਐਬੂਲੈਂਸ ਗੱਡੀ ਦੀ ਸੇਵਾ, ਗਰੀਬ ਪਰਿਵਾਰਾ ਨੂੰ ਮਹੀਨੇ ਰਾਸਨ ਦੀ ਸੇਵਾ, ਲੋੜਵੰਦ ਪਰਿਵਾਰਾ ਨੂੰ ਮਾਲੀ ਸੇਵਾ, ਸਕੂਲਾਂ ਵਿੱਚ ਲੋੜਵੰਦ ਬੱਚਿਆਂ ਨੂੰ ਫੀਸ, ਕਿਤਾਬਾਂ, ਬੈਗ, ਕਾਪੀਆ, ਪੈਨ, ਪੈਨਸ਼ਨ ਦੀ ਸੇਵਾ, ਗਰੀਬ ਪਰਵਾਰਾ ਦੀ ਛੱਤ ਰਿਪੇਅਰ ਆਦਿ ਦੀ ਸੇਵਾ, ਲੋੜਵੰਦ ਧੀਆ ਦੇ ਵਿਆਹ ਵਿੱਚ ਸਗਨ ਦੀ ਸੇਵਾ, ਆਦਿ ਇਹ ਸਾਰੇ ਕਾਰਜ ਸੁਸਾਇਟੀ ਦੇ ਮੈਬਰ ਦਿਨ ਰਾਤ ਇੱਕ ਕਰਕੇ ਕਰ ਰਹੇ ਹਨ। ਇਸ ਮੌਕੇ ਤੇ ਸੂਬੇਦਾਰ ਹਰਵਿੰਦਰ ਸਿੰਘ, ਜਥੇਦਾਰ ਕਰਤਾਰ ਸਿੰਘ, ਸਤਨਾਮ ਸਹੋਤਾ, ਸਰਪੰਚ ਹਰਜੀਤ ਸਿੰਘ ਵਡਾਲਾ ਜੌਹਲ ਆਦਿ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਸ. ਫੌਜਾ ਸਿੰਘ ਦੇ ਦੁਖਦਾਇਕ ਅਕਾਲ ਚਲਾਣੇ ਤੇ ਦੁੱਖ ਦਾ ਪ੍ਰਗਟਾਵਾ: ਪਰਮਜੀਤ ਸਿੰਘ ਭਿਓਰਾ



ਨਵੀਂ ਦਿੱਲੀ 17 ਜੁਲਾਈ (ਮਨਪ੍ਰੀਤ ਸਿੰਘ ਖਾਲਸਾ):- ਬੁੜੈਲ ਜੇਲ੍ਹ ਅੰਦਰ ਨਜ਼ਰਬੰਦ ਭਾਈ ਪਰਮਜੀਤ ਸਿੰਘ ਭਿਓਰਾ ਨੇ ਸ ਫੌਜਾ ਸਿੰਘ ਦੇ ਅਕਾਲ ਚਲਾਣੇ ਦਾ ਗਹਿਰਾ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਕਿ ਵਰਲਡ ਦੀ ਗਿਨੀਜ ਬੁੱਕ ਵਿਚ ਆਪਣਾ ਨਾਮ ਦਰਜ ਕਰਵਾਉਣ ਦੇ ਨਾਲ ਸਿੱਖਾਂ ਦਾ ਨਾਮ ਰੋਸ਼ਨ ਕਰਣ ਵਾਲੇ ਸ ਫੌਜਾ ਸਿੰਘ ਜੋ ਕਿ ਕੌਮਾਂਤਰੀ ਪੱਧਰ ਦੇ ਮਸਹੂਰ ਸਿੱਖ ਦੌੜਾਕ ਸਨ ।ਉਨ੍ਹਾਂ ਕਿਹਾ ਕਿ ਸ. ਫੌਜਾ ਸਿੰਘ ਜਿਨ੍ਹਾਂ ਨੇ ਆਪਣੀ 112 ਸਾਲਾਂ ਦੀ ਉਮਰ ਹੋਣ ਦੇ ਬਾਵਜੂਦ ਵੀ ਬੀਤੇ ਸਮੇ ਵਿਚ ਆਪਣੀਆਂ ਦੌੜਾਂ ਦੇ ਰਾਹੀਂ ਸੰਸਾਰ ਪੱਧਰ ਦੇ ਰਿਕਾਰਡ ਕਾਇਮ ਕੀਤੇ ਹਨ ਅਤੇ ਆਪਣੀ ਆਖਰੀ ਉਮਰ ਤੱਕ ਇਕ ਹਰਮਨ ਪਿਆਰੇ ਦੌੜ ਦੇ ਖਿਡਾਰੀ ਰਹੇ ਹਨ, ਉਨ੍ਹਾਂ ਦਾ ਬੀਤੇ ਦਿਨੀਂ ਇਕ ਐਕਸੀਡੈਂਟ ਵਿਚ ਮੌਤ ਹੋਣ ਜਾਣੀ ਅਤਿ ਦੁੱਖਦਾਇਕ ਅਤੇ ਅਫਸੋਸਨਾਕ ਹੈ ।ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰਾਂ ਲਈ ਵੀ ਇਹ ਬਹੁਤ ਹੀ ਅਣਗਹਿਲੀ ਤੇ ਸ਼ਰਮ ਵਾਲੀ ਗੱਲ ਹੈ ਕਿ ਇਕ ਸੰਸਾਰ ਪੱਧਰ ਦੇ ਦੌੜਾਕ ਹੋਣ ਦੇ ਨਾਹਤੇ ਉਨ੍ਹਾਂ ਦੀ ਹਿਫਾਜਤ ਲਈ ਕੋਈ ਉਚੇਚੀ ਜਿੰਮੇਵਾਰੀ ਨਹੀ ਨਿਭਾਈ ਜਾ ਰਹੀ ਸੀ ।ਉਨ੍ਹਾਂ ਅਤਿ ਗੰਭੀਰ ਹੁੰਦਿਆਂ ਕਿਹਾ ਕਿ ਜੇਕਰ ਇਕ ਮਸਹੂਰ ਦੌੜਾਕ ਦੀ ਜਿੰਦਗੀ ਸੁਰੱਖਿਅਤ ਨਹੀ, ਫਿਰ ਆਮ ਨਾਗਰਿਕ ਦੀ ਜਿੰਦਗੀ ਬਾਰੇ ਕੀ ਗਾਰੰਟੀ ਹੈ ? ਅੰਤ ਵਿਚ ਉਨ੍ਹਾਂ ਕਿਹਾ ਕਿ ਸ ਫੌਜਾ ਸਿੰਘ ਦੇ ਦੁਖਦਾਇਕ ਅਕਾਲ ਚਲਾਣੇ ਤੇ ਅਸੀਂ ਆਪਣੀ ਸ਼ਰਧਾ ਦੇ ਫੁੱਲ ਭੇਂਟ ਅਰਪਣ ਕਰਦੇ ਹਾਂ ਅਤੇ ਅਕਾਲ ਪੁਰਖ ਅੱਗੇ ਪਰਿਵਾਰ ਨੂੰ ਇਸ ਦੁੱਖ ਨੂੰ ਸਹਿਣ ਕਰਨ ਦਾ ਬਲ ਬਖਸ਼ਣ ਦੀ ਜੋਦੜੀ ਕਰਦੇ ਹਾਂ।

ਆਵਾਜ਼ਿ ਕੌਮ AWAZE QAUM International Newspaper & WEB TV

# ਸਾਬਕਾ ਵਿਧਾਇਕ ਗੁਰਾ ਸਿੰਘ ਤੁੰਗਵਾਲੀ ਨੇ ਜਥੇਦਾਰ ਬਾਬਾ ਟੇਕ ਸਿੰਘ ਨਾਲ ਮੁਲਾਕਾਤ ਕਰਦਿਆਂ ਕੀਤਾ ਸਨਮਾਨਿਤ



ਤਲਵੰਡੀ ਸਾਬੋ, 17 ਜੁਲਾਈ (ਗੁਰਜੰਟ ਸਿੰਘ ਨਥੇਹਾ)- ਹਲਕਾ ਨਥਾਣਾ ਤੋਂ ਵਿਧਾਇਕ ਰਹਿ ਚੁੱਕੇ ਕਾਂਗਰਸ ਦੇ ਸੀਨੀਅਰ ਆਗੂ ਗੁਰਾ ਸਿੰਘ ਤੁੰਗਵਾਲੀ ਨੇ ਅੱਜ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਬਾਬਾ ਟੇਕ ਸਿੰਘ ਨਾਲ ਉਨਾਂ ਦੀ ਸਥਾਨਕ ਰਿਹਾਇਸ਼ ਵਿਖੇ ਪੁੱਜ ਕੇ ਮੁਲਾਕਾਤ ਕਰਦਿਆਂ ਉਨਾਂ ਦਾ ਸਨਮਾਨ ਵੀ ਕੀਤਾ। ਅੱਜ ਸਵੇਰੇ ਸਿੰਘ ਸਾਹਿਬ ਨੂੰ ਮਿਲਣ ਪੁੱਜੇ ਸਾਬਕਾ ਵਿਧਾਇਕ ਗੁਰਾ ਸਿੰਘ ਤੁੰਗਵਾਲੀ ਨੇ ਮੁਲਾਕਾਤ ਉਪਰੰਤ ਦੱਸਿਆ ਕਿ ਜਥੇਦਾਰ ਬਾਬਾ ਟੇਕ ਸਿੰਘ ਨਾਲ ਉਨਾਂ ਦੇ ਪੁਰਾਣੇ ਸਮੇਂ ਤੋਂ ਨਿੱਜੀ ਸਬੰਧ ਰਹੇ ਹਨ ਅਤੇ ਉਨਾਂ ਦੀ ਜਥੇਦਾਰ ਵਜੋਂ ਨਿਯੁਕਤੀ ਤੋਂ ਬਾਅਦ ਉਹ ਉਨਾਂ ਨੂੰ ਮਿਲਣ ਨਹੀ ਸਨ ਆ ਸਕੇ ਇਸ ਕਰਕੇ ਅੱਜ ਮੁਲਾਕਾਤ ਕਰਦਿਆਂ ਜਿੱਥੇ ਕਈ ਧਾਰਮਿਕ ਮਸਲਿਆਂ ਸਬੰਧੀ ਵੀਚਾਰ ਚਰਚਾ ਕੀਤੀ ਉਥੇ ਸਿੰਘ ਸਾਹਿਬ ਦਾ ਸਨਮਾਨ ਵੀ ਕੀਤਾ। ਉਨਾਂ ਕਿਹਾ ਕਿ ਇਹ ਸਾਡੀ ਖੁਸ਼ਨਸੀਬੀ ਹੈ ਕਿ ਪਿਛਲੇ ਲੰਬੇ ਸਮੇਂ ਤੋਂ ਸਿੱਖੀ ਪ੍ਰਚਾਰ ਪ੍ਰਸਾਰ ਚ ਅਹਿਮ ਭੂਮਿਕਾ ਨਿਭਾਉਂਦੇ ਆ ਰਹੇ ਬਾਬਾ ਟੇਕ ਸਿੰਘ ਜੋ ਪਿਛਲੇ ਸਮੇਂ 'ਚ ਸੰਪਰਦਾਇ ਮਸਤੂਆਣਾ ਦੇ ਮੁਖੀ ਵੀ ਬਣੇ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਕੌਮ ਦੇ ਚੌਥੇ ਤਖਤ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਵਜੋਂ ਸੇਵਾ ਸੌਂਪੀ ਹੈ। ਉਨਾਂ ਉਮੀਦ ਪ੍ਰਗਟਾਈ ਕਿ ਬਾਬਾ ਟੇਕ ਸਿੰਘ ਜਥੇਦਾਰ ਵਜੋਂ ਪ੍ਰਸ਼ੰਸਾਯੋਗ ਭੂਮਿਕਾ ਨਿਭਾਉਂਦੇ ਹੋਏ ਮਾਲਵੇ ਵਿੱਚ ਗੁਰਮਤਿ ਲਹਿਰ ਨੂੰ ਹੋਰ ਤੇਜ਼ ਕਰਨਗੇ।

ਆਵਾਜ਼ਿ ਕੌਮ AWAZE QAUM International Newspaper & WEB TV

# ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਖੇ ਧਮਾਕਿਆਂ ਦੀਆਂ ਧਮਕੀਆਂ ਮੰਦਭਾਗਾ ਵਰਤਾਰਾ- ਜਥੇਦਾਰ ਬਾਬਾ ਟੇਕ ਸਿੰਘ

## ਕਿਹਾ ਅਜੇ ਤੱਕ ਧਮਕੀਆਂ ਦੇਣ ਵਾਲੇ ਦਾ ਪਤਾ ਨਾ ਲੱਗਣਾ ਸਰਕਾਰਾਂ ਦੀ ਅਸਫਲਤਾ



ਤਲਵੰਡੀ ਸਾਬੋ, 17 ਜੁਲਾਈ (ਗੁਰਜੰਟ ਸਿੰਘ ਨਥੇਹਾ)- ਸਮੁੱਚੀ ਮਨੁੱਖਤਾ ਲਈ ਆਸਥਾ ਦੇ ਕੇਂਦਰ ਸ੍ਰੀ ਦਰਬਾਰ ਸਾਹਿਬ ਕੰਪਲੈਕਸ 'ਚ ਧਮਾਕੇ ਕਰਨ ਦੀਆਂ ਈ-ਮੇਲ ਰਾਹੀਂ ਦਿੱਤੀਆਂ ਜਾ ਰਹੀਆਂ ਧਮਕੀਆਂ ਮੰਦਭਾਗਾ ਵਰਤਾਰਾ ਹੈ ਅਤੇ ਅਜੇ ਤੱਕ ਧਮਕੀਆਂ ਦੇਣ ਵਾਲੇ ਦਾ ਪਤਾ ਨਾ ਲਗਾ ਸਕਣਾ ਸਰਕਾਰਾਂ ਜਾਂ ਜਾਂਚ ਏਜੰਸੀਆਂ ਦੀ ਅਸਫਲਤਾ ਦਾ ਵੱਡਾ ਸਬੂਤ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਬਾਬਾ ਟੇਕ ਸਿੰਘ ਧਨੌਲਾ ਨੇ ਇੱਥੋਂ ਜਾਰੀ ਪ੍ਰੈੱਸ ਬਿਆਨ ਰਾਹੀਂ ਕੀਤਾ ।ਬਿਆਨ 'ਚ ਉਨਾਂ ਕਿਹਾ ਕਿ 14 ਜੁਲਾਈ ਤੋਂ ਲਗਾਤਾਰ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ 'ਚ ਵਿਸਫੋਟਕ ਪਦਾਰਥਾਂ ਨਾਲ ਧਮਾਕੇ ਕਰਨ ਦੀਆਂ ਈ-ਮੇਲਜ਼ ਭੇਜੀਆਂ ਜਾ ਰਹੀਆਂ ਹਨ ਅਤੇ ਇੰਨ੍ਹਾਂ ਈ ਮੇਲਜ਼ ਕਾਰਨ ਸੰਗਤਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਵੀ ਵੱਡੀ ਸੱਟ ਵੱਜੀ ਹੈ ਕਿਉਂਕਿ ਸ੍ਰੀ ਹਰਿਮੰਦਰ ਸਾਹਿਬ ਸਿੱਖਾਂ ਲਈ ਜਾਨ ਤੋਂ ਵੱਧ ਪਿਆਰਾ ਅਸਥਾਨ ਹੈ ।ਉਨਾਂ ਕਿਹਾ ਕਿ ਚਾਹੀਦਾ ਤਾਂ ਇਹ ਸੀ ਕਿ ਸਰਕਾਰਾਂ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈ ਕੇ ਧਮਕੀਆਂ ਭੇਜਣ ਵਾਲੇ ਨੂੰ ਹੁਣ ਤੱਕ ਜਾਂਚ ਏਜੰਸੀਆਂ ਰਾਹੀਂ ਧਰ ਦਬੋਚਦੀਆਂ ਪਰ ਜਾਂਚ ਏਜੰਸੀਆਂ ਅਜੇ ਤੱਕ ਇਹ ਪਤਾ ਲਗਾਉਣ ਚ ਵੀ ਨਾਕਾਮ ਰਹੀਆਂ ਹਨ ਕਿ ਈ-ਮੇਲਜ਼ ਭੇਜ ਕੌਣ ਰਿਹਾ ਹੈ, ਬੰਦੇ ਨੂੰ ਫੜਨਾ ਤਾਂ ਦੂਰ ਦੀ ਗੱਲ। ਸਿੰਘ ਸਾਹਿਬ ਨੇ ਕਿਹਾ ਕਿ ਸਰਕਾਰ ਅਜੇ ਵੀ ਗੰਭੀਰਤਾ ਦਿਖਾਵੇ ਅਤੇ ਆਪਣੇ ਸਾਈਬਰ ਕ੍ਰਾਈਮ ਮਹਿਕਮੇ ਰਾਹੀਂ ਧਮਕੀਆਂ ਦੇਣ ਵਾਲੇ ਵਿਅਕਤੀ ਦਾ ਪਤਾ ਲਗਾਕੇ ਉਸਨੂੰ ਫੜਕੇ ਮਿਸਾਲੀ ਸਜ਼ਾ ਦੁਆਵੇ ਤਾਂਕਿ ਮੁੜ ਕੋਈ ਅਜਿਹੀ ਹਿਮਾਕਤ ਨਾ ਕਰ ਸਕੇ। ਜਥੇਦਾਰ ਸਾਹਿਬ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਬੇਖੌਫ ਹੋ ਕੇ ਆਪਣੇ ਪਾਵਨ ਅਸਥਾਨਾਂ ਦੇ ਦਰਸ਼ਨ ਦੀਦਾਰੇ ਕਰਨ ਲਈ ਪਹੁੰਚਣ।

ਆਵਾਜ਼ਿ ਕੌਮ AWAZE QAUM International Newspaper & WEB TV

ਪੰਜਾਬ ਸਰਕਾਰ ਐਸਸੀ ਵਰਗ ਦੇ ਲੋਕਾਂ ਦੀ

# ਭਲਾਈ ਲਈ ਵਚਨਬੱਧ ਤੇ ਯਤਨਸ਼ੀਲ- ਪ੍ਰੋ. ਬਲਜਿੰਦਰ ਕੌਰ



ਤਲਵੰਡੀ ਸਾਬੋ, 17 ਜੁਲਾਈ (ਗੁਰਜੰਟ ਸਿੰਘ ਨਥੇਹਾ)- ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦੇ ਕਰਜ਼ਾ ਮਾਫੀ ਸਬੰਧੀ ਸਰਟੀਫਿਕੇਟ ਵੰਡਣ ਹਿੱਤ ਵੱਖ-ਵੱਖ ਪ੍ਰੋਗਰਾਮ ਕਰਵਾਏ ਗਏ। ਇਨ੍ਹਾਂ ਪ੍ਰੋਗਰਾਮਾਂ ਦੌਰਾਨ 84 ਲਾਭਪਾਤਰੀਆਂ ਨੂੰ 75.67 ਲੱਖ ਰੁਪਏ ਦਾ ਕਰਜ਼ਾ ਮੁਆਫ਼ੀ ਦੇ ਸਰਟੀਫ਼ਿਕੇਟਾਂ ਦੀ ਕੀਤੀ ਵੰਡ ਕੀਤੀ ਗਈ। ਵਿਧਾਨ ਸਭਾ ਹਲਕਾ ਤਲਵੰਡੀ ਸਾਬੋ ਨਾਲ ਸਬੰਧਤ ਕਰਵਾਏ ਗਏ



**☛ 84 ਲਾਭਪਾਤਰੀਆਂ ਨੂੰ 75.67 ਲੱਖ ਰੁਪਏ ਦਾ ਕਰਜਾ ਮੁਆਫ਼ੀ ਦੇ ਸਰਟੀਫ਼ਿਕੇਟਾਂ ਦੀ ਕੀਤੀ ਵੰਡ ☛ ਤਲਵੰਡੀ ਸਾਬੋ ਤੇ ਮੌੜ ਹਲਕੇ ਦੇ ਕਰਵਾਏ ਗਏ ਕਰਜ਼ਾ ਮੁਆਫ਼ੀ ਸਮਾਗਮ**

ਪ੍ਰੋਗਰਾਮ ਦੌਰਾਨ ਪ੍ਰੋ. ਬਲਜਿੰਦਰ ਕੌਰ ਵੱਲੋਂ 29 ਲਾਭਪਾਤਰੀਆਂ ਨੂੰ 42.22 ਲੱਖ ਰੁਪਏ ਦੇ ਕਰਜ਼ਾ ਮੁਆਫ਼ੀ ਦੇ ਸਰਟੀਫ਼ਿਕੇਟਾਂ ਦੀ ਵੰਡ ਕੀਤੀ ਗਈ। ਇਸੇ ਤਰ੍ਹਾਂ ਵਿਧਾਨ ਸਭਾ ਹਲਕਾ ਮੌੜ ਦੇ 55 ਲਾਭਪਤਾਰੀਆਂ ਨੂੰ 33.45 ਲੱਖ ਰੁਪਏ ਕਰਜ਼ਾ ਮੁਆਫ਼ੀ ਦੇ ਸਰਟੀਫ਼ਿਕੇਟਾਂ ਦੀ ਵੰਡ ਵਿਧਾਇਕ ਸ.ਸੁਖਵੀਰ ਸਿੰਘ ਮਾਈਸਰਖਾਨਾ ਵੱਲੋਂ ਕੀਤੀ ਗਈ। ਇਸ ਮੌਕੇ ਵਿਧਾਇਕ ਪ੍ਰੋ. ਬਲਜਿੰਦਰ ਕੌਰ ਨੇ ਕਰਜ਼ਾ ਮੁਆਫ਼ੀ ਦੇ ਲਾਭਪਾਤਰੀਆਂ ਨੂੰ ਵਧਾਈ ਦਿੰਦਿਆਂ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਵਿਸ਼ੇਸ਼ ਉਪਰਾਲਿਆਂ ਬਾਰੇ ਜਾਣੂ ਕਰਵਾਇਆ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਤੋਂ ਮਿਤੀ 31 ਮਾਰਚ 2020 ਤੋਂ ਪਹਿਲਾਂ ਐਸਸੀ ਭਾਈਚਾਰੇ ਅਤੇ ਦਿਵਿਆਂਗ ਵਿਅਕਤੀਆਂ ਵੱਲੋਂ ਲਏ ਗਏ ਕਰਜ਼ੇ ਮੁਆਫ਼ ਕਰ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਸੂਬੇ ਭਰ ਵਿੱਚ ਇਸ ਸਕੀਮ ਤਹਿਤ 4727 ਕਰਜ਼ਦਾਰਾਂ ਦਾ ਕੁੱਲ 67.84 ਕਰੋੜ ਰੁਪਏ ਦਾ ਕਰਜ਼ਾ ਮਾਫ ਹੋਇਆ ਹੈ। ਵਿਧਾਇਕ ਮੌੜ ਸ. ਸੁਖਵੀਰ ਸਿੰਘ ਮਾਈਸਰਖਾਨਾ ਨੇ ਕਿਹਾ ਕਿ ਸੂਬਾ ਸਰਕਾਰ ਲੋਕ ਹਿੱਤਾਂ ਅਤੇ ਸਮਾਜ ਦੇ ਪਿਛੜੇ ਵਰਗਾਂ ਦੇ ਹਿੱਤਾਂ ਲਈ ਕੰਮ ਕਰ ਰਹੀ ਹੈ। ਇਸ ਮੌਕੇ ਜਿੰਨ੍ਹਾਂ ਲੋਕਾਂ ਦੇ ਕਰਜ ਮੁਆਫ਼ ਹੋਏ ਉਨ੍ਹਾਂ ਦੇ ਚਿਹਰੇ ਦੀ ਰੌਣਕ ਵੇਖਣ ਵਾਲੀ ਸੀ ਅਤੇ ਉਹ ਕਰਜ਼ ਮੁਆਫ਼ੀ ਦੇ ਸਰਟੀਫ਼ਿਕੇਟ ਦੇ ਰੂਪ ਵਿੱਚ ਖੁਸ਼ੀਆਂ ਦਾ ਸਰਟੀਫਿਕੇਟ ਲੈ ਕੇ ਘਰਾਂ ਨੂੰ ਮੁੜੇ। ਇਸ ਮੌਕੇ ਵਾਈਸ ਚੇਅਰਮੈਨ ਐਸ.ਸੀ. ਕਾਰਪੋਰੇਸ਼ਨ ਸ. ਗੁਰਜੰਟ ਸਿੰਘ ਸਿਵੀਆਂ ਨੇ ਪੰਜਾਬ ਸਰਕਾਰ ਵੱਲੋਂ ਸਬੰਧਤ ਲਾਭਪਾਤਰੀਆਂ ਨੂੰ ਕਰਜ਼ਾ ਮੁਆਫ਼ੀ ਤੇ ਜਿੱਥੇ ਵਧਾਈ ਦਿੱਤੀ, ਉਥੇ ਹੀ ਉਨ੍ਹਾਂ ਸੂਬਾ ਸਰਕਾਰ ਵੱਲੋਂ ਐਸ.ਸੀ. ਭਾਈਚਾਰੇ ਨਾਲ ਸਬੰਧਤ ਲੋਕਾਂ ਲਈ ਕੀਤੇ ਜਾ ਰਹੇ ਲੋਕ ਭਲਾਈ ਕਾਰਜਾਂ ਦੀ ਸ਼ਲਾਘਾ ਵੀ ਕੀਤੀ। ਇਸ ਮੌਕੇ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦੇ ਜ਼ਿਲ੍ਹਾ ਮੈਨੇਜਰ ਮੈਡਮ ਸਪਨਾ ਬਾਂਸਲ ਤੋਂ ਇਲਾਵਾ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦੇ ਨੁਮਾਇੰਦੇ ਮਨਵੀਰ ਸਿੰਘ, ਰਿਸ਼ੂ ਗਰਗ ਤੇ ਹੋਰ ਸਟਾਫ਼ ਤੇ ਲਾਭਪਾਤਰੀ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਗੌਰਮਿੰਟ ਪੈਨਸ਼ਨਰਜ ਵੈਲਫੇਅਰ ਐਸੋਸੀਏਸ਼ਨ (ਰਜਿ. ) ਸਬ ਡਵੀਜਨ ਧੂਰੀ ਇਕਾਈ ਨੇ

# ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ (ਰਜਿ: ) ਪੰਜਾਬ ਨਾਲ ਨਾਤਾ ਜੋੜਿਆ : ਜੈ ਦੇਵ ਸ਼ਰਮਾਂ, ਜਸਵਿੰਦਰ ਸਿੰਘ ਮੂਲੋਵਾਲ

ਧੂਰੀ ( ਰਣਜੀਤ ਸਿੰਘ ਸਿੰਘ ਪੇਧਨੀ)-ਗੌਰਮਿੰਟ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਸਬ ਡਵੀਜਨ ਧੂਰੀ ਦੇ ਪੈਨਸ਼ਨਰ ਆਗੂਆਂ ਨੇ * ਪੈਨਸ਼ਨਰਜ਼ ਜਥੇਬੰਦੀ ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ (ਰਜਿ: ) ਪੰਜਾਬ ਦੇ ਸੂਬਾ ਪ੍ਰਧਾਨ ਭਜਨ ਸਿੰਘ ਗਿੱਲ ਦੀ ਅਗਵਾਈ ਵਿੱਚ ਭਰੋਸਾ ਪਰਗਟ ਕਰਦਿਆਂ ਅਤੇ ਜਥੇਬੰਦੀ ਦੀ ਸਮਝ ਨਾਲ ਸਹਿਮਤੀ ਪ੍ਰਗਟਾਉਂਦਿਆਂ , ਆਉਂਦੇ ਸਮੇਂ ਵਿੱਚ ਜਥੇਬੰਦਕ ਤੌਰ ਤੇ ਉਹਨਾਂ ਨਾਲ ਚੱਲਣ ਦਾ ਫੈਸਲਾ ਕੀਤਾ। ਜੈਦੇਵ ਸਰਮਾ ਪ੍ਰਧਾਨ ਤੇ ਜਸਵਿੰਦਰ ਸਿੰਘ ਮੂਲੋਵਾਲ ਜਨਰਲ ਸਕੱਤਰ ਨੇ ਪ੍ਰੈਸ ਨੂੰ ਜਾਣਕਾਰੀ ਦਿੱਤੀ ਕਿ ਧੂਰੀ ਸਬ ਡਵੀਜਨ ਦੇ ਸਾਢੇ ਚਾਰ ਸੌ ਮੈਂਬਰਾਂ ਨੇ ਸਥਾਨਕ ਆਗੂਆਂ ਨਾਲ ਇੱਕਜੁੱਟਤਾ ਦਾ ਪ੍ਰਗਟਾਵਾ ਕਰਦਿਆਂ ਸੂਬਾ ਪੱਧਰ ਤੇ ਭਜਨ ਸਿੰਘ ਗਿੱਲ ਸੂਬਾ ਪ੍ਰਧਾਨ ਅਤੇ ਸੁਰਿੰਦਰ ਰਾਮ ਕੁੱਸਾ ਸੂਬਾ ਜਨਰਲ ਸਕੱਤਰ , ਹਰਜੀਤ ਸਿੰਘ ਤਰਖਾਣ ਮਾਜਰਾ , ਹਰਚੰਦ ਸਿੰਘ ਸੂਬਾ ਮੀਤ ਪ੍ਰਧਾਨ ਦੀ ਹਾਜ਼ਰੀ ਵਿੱਚ ਆਉਣ ਵਾਲੇ ਸਮੇਂ ਵਿੱਚ ਜਥੇਬੰਦਕ ਸੰਘਰਸ਼ਾਂ ਅਤੇ ਸਰਗਰਮੀਆਂ ਵਿੱਚ ਸੂਬਾ ਕਮੇਟੀ ਨਾਲ ਮਿਲਕੇ ਸਾਂਝੇ ਸੰਘਰਸ਼ਾਂ ਵਿੱਚ ਸਰਗਰਮ ਰੋਲ ਅਦਾ ਕਰਨ ਦਾ ਫੈਸਲਾ ਕੀਤਾ। ਇਸ ਸਮੇਂ ਕੁਲਵੰਤ ਸਿੰਘ ਸੀਨੀਅਰ ਆਗੂ , ਹਰਦੇਵ ਸਿੰਘ ਜਵੰਧਾ ,, ਕਰਮ ਸਿੰਘ ਮਾਨ , ਹਰਚਰਨ ਸਿੰਘ ਸਾਬਕਾ ਪ੍ਰਧਾਨ , ਬੁੱਧ ਸਿੰਘ , ਰਾਮ ਗੋਪਾਲ ਸਰਮਾ , ਸਮੇਤ ਬਿੱਕਰ ਸਿੰਘ ਮਾਛੀਕੇ , ਓਮਾਂ ਕਾਂਤ ਸ਼ਾਸਤਰੀ , ਗੁਰਦੀਪ ਸਿੰਘ, ਸਾਧੂ ਸਿੰਘ ਪੇਧਨੀ, ਕੁਲਵੰਤ ਸਿੰਘ ਫਤਿਹ ਗੜ੍ਹ ਸਾਹਿਬ ਅਤੇ ਹਰਬੰਸ ਸਿੰਘ ਸੇਖੋਂ ਆਦਿ ਸੂਬਾ ਆਗੂ ਸ਼ਾਮਲ ਹੋਏ। *ਸਬ ਡਵੀਜਨ ਧੂਰੀ ਦੇ ਆਗੂਆਂ ਅਤੇ ਸਮੂਹ ਸੂਬਾ ਕਮੇਟੀ ਮੈਂਬਰਾਂ ਨੇ ਪੰਜਾਬ ਸਰਕਾਰ ਦੁਆਰਾ ਸਾਂਝਾ ਫਰੰਟ ਦੇ ਆਗੂਆਂ ਨੂੰ ਮੀਟਿੰਗਾਂ ਦੀਆਂ ਤਰੀਕਾਂ ਦੇ ਕੇ ਮੀਟਿੰਗਾਂ ਨੂੰ ਵਾਰ ਵਾਰ ਟਾਲਣ ਅਤੇ ਮੀਟਿੰਗਾਂ ਨਾ ਕਰਨ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕੀਤੀ*। ਉਹਨਾਂ ਮੰਗ ਕੀਤੀ ਕਿ ਪੰਜਾਬ ਦੇ ਪੈਨਸ਼ਨਰਾਂ ਦਾ ਡੀ. ਏ 42% ਤੋਂ ਵਧਾਕੇ ਕੇਂਦਰ ਦੇ ਬਰਾਬਰ 55 % ਕੀਤਾ ਜਾਵੇ। *ਮਾਨਯੋਗ ਹਾਈ ਕੋਰਟ ਦੇ ਫੈਸਲੇ ਮੁਤਾਬਕ , ਛੇਵੇਂ ਪੇ ਕਮਿਸ਼ਨ ਦੀ ਸਿਫਾਰਸ਼ ਨੂੰ ਲਾਗੂ ਕਰਕੇ 2.59 ਦੇ ਗੁਣਾਕ ਅਤੇ ਨੋਸ਼ਨਲ ਆਧਾਰ ਤੇ ਪੈਨਸ਼ਨਾਂ ਸੋਧ ਕੇ ਬਕਾਇਆ ਜਾਰੀ ਕੀਤਾ ਜਾਵੇ*। 18 - 02 - 25 ਦੇ ਨੋਟੀਫਿਕੇਸ਼ਨ ਵਿੱਚ ਸੋਧ ਕਰਕੇ *ਪੇ ਕਮਿਸ਼ਨ ਦਾ ਬਕਾਇਆ ਕਿਸ਼ਤਾਂ ਵਿੱਚ ਦੇਣ ਦੀ ਬਜਾਏ ਇੱਕੋ ਕਿਸ਼ਤ ਵਿੱਚ ਦਿੱਤਾ ਜਾਵੇ।





ਆਵਾਜ਼ਿ ਕੌਮ AWAZE QAUM International Newspaper & WEB TV

# ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਮੈਂਬਰ ਗੁਲਜ਼ਾਰ ਸਿੰਘ ਬੌਬੀ ਨੇ ਪਿੰਡ ਕਾਲਾਬੂਲਾ ਵਿਖੇ ਅਨੁਸੂਚਿਤ ਜਾਤੀਆਂ ਭਾਈਚਾਰੇ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ





ਸ਼ੇਰਪੁਰ/ਧੂਰੀ ( ਰਣਜੀਤ ਸਿੰਘ ਪੇਧਨੀ )-ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਮੈਂਬਰ ਸ਼੍ਰੀ ਗੁਲਜ਼ਾਰ ਸਿੰਘ ਬੌਬੀ ਨੇ ਪਿੰਡ ਕਾਲਾਬੂਲਾ ਵਿਖੇ ਅਨੁਸੂਚਿਤ ਜਾਤੀਆਂ ਭਾਈਚਾਰੇ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਹੱਲ ਦਾ ਭਰੋਸਾ ਦਿੱਤਾ, ਜਿਨ੍ਹਾਂ ਵਿੱਚ ਜ਼ਿਆਦਾਤਰ ਲਾਲ ਕਾਪੀਆਂ ਬੰਦ ਹੋਣ ਦਾ ਮੁੱਦਾ ਉਠਾਇਆ ਗਿਆ। ਇਸ ਮੌਕੇ ਸ਼੍ਰੀ ਬੌਬੀ ਨੇ ਕਿਹਾ ਕਿ ਅਨੁਸੂਚਿਤ ਜਾਤੀਆਂ ਕਮਿਸ਼ਨ ਇਸੇ ਗੱਲ ਨੂੰ ਲੈ ਕੇ ਕਾਰਜਸ਼ੀਲ ਹੈ ਕਿ ਅਨੁਸੂਚਿਤ ਜਾਤੀਆਂ ਭਾਈਚਾਰੇ ਦੇ ਲੋਕਾਂ ਦੀਆਂ ਸਮੱਸਿਆਵਾਂ ਦਾ ਢੁਕਵਾਂ ਹੱਲ ਹੋਵੇ ਤੇ ਭਾਈਚਾਰੇ ਦੇ ਲੋਕਾਂ ਨਾਲ ਕਿਸੇ ਕਿਸਮ ਦਾ ਧੱਕਾ ਨਾ ਹੋਵੇ। ਉਹਨਾਂ ਦੀ ਆਪਣੀ ਇਹ ਕੋਸ਼ਿਸ਼ ਹੁੰਦੀ ਹੈ ਕਿ ਲੋਕਾਂ ਵਿੱਚ ਜ਼ਮੀਨੀ ਪੱਧਰ ਉੱਤੇ ਵੱਧ ਤੋਂ ਵੱਧ ਵਿਚਰਿਆ ਜਾਵੇ ਤਾਂ ਜੋ ਜ਼ਮੀਨੀ ਹਕੀਕਤਾਂ ਦਾ ਪਤਾ ਲਗਦਾ ਰਹੇ ਅਤੇ ਮੁਸ਼ਕਲਾਂ ਦਾ ਠੋਸ ਹੱਲ ਕੀਤਾ ਜਾ ਸਕੇ। ਸ਼੍ਰੀ ਬੌਬੀ ਨੇ ਕਿਹਾ ਕਿ ਅਨੁਸੂਚਿਤ ਜਾਤੀਆਂ ਨਾਲ ਭੇਦਭਾਵ ਕਿਸੇ ਵੀ ਹਾਲਤ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਗ਼ਰੀਬ ਵਰਗ ਨੂੰ ਇਨਸਾਫ਼ ਦਿਵਾਉਣ ਲਈ ਕਮਿਸ਼ਨ ਕੋਲ ਸੰਵਿਧਾਨਕ ਸ਼ਕਤੀਆਂ ਹਨ ਤੇ ਕਿਸੇ ਵੀ ਖੇਤਰ ਵਿੱਚ ਜਾਤੀ ਵਿਤਕਰੇਬਾਜ਼ੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਮੈਂਬਰ ਨੇ ਕਿਹਾ ਕਿ ਕਈ ਵਾਰੀ ਲੋਕ ਵੱਖੋ ਵੱਖ ਕਾਰਨਾਂ ਕਰ ਕੇ ਆਪਣੇ ਨਾਲ ਹੋਈਆਂ ਵਧੀਕੀਆਂ ਬਾਰੇ ਸ਼ਿਕਾਇਤ ਕਰਨ ਤੋਂ ਝਿਜਕ ਜਾਂਦੇ ਹਨ, ਜਿਸ ਕਰ ਕੇ ਵਾਰ ਵਾਰ ਵਧੀਕੀਆਂ ਦਾ ਸ਼ਿਕਾਰ ਹੁੰਦੇ ਹਨ। ਉਹਨਾਂ ਕਿਹਾ ਕਿ ਜਦੋਂ ਵੀ ਕਦੇ ਕਿਤੇ ਵੀ ਕੋਈ ਵਧੀਕੀ ਹੁੰਦੀ ਹੈ, ਉਸ ਦੀ ਸ਼ਿਕਾਇਤ ਜ਼ਰੂਰ ਕੀਤੀ ਜਾਵੇ। ਸ਼੍ਰੀ ਬੌਬੀ ਨੇ ਐੱਸ.ਸੀ.ਭਾਈਚਾਰੇ ਦੇ ਲੋਕ ਬੇਝਿਜਕ ਹੋ ਕੇ ਆਪਣੀਆਂ ਸ਼ਿਕਾਇਤਾਂ ਦਰਜ ਕਰਵਾਉਣ। ਉਨ੍ਹਾਂ ਕਿਹਾ ਕਿ ਸ਼ਿਕਾਇਤ ਦਰਜ ਕਰਵਾਉਣ ਨਾਲ ਉਹਨਾਂ ਨੂੰ ਜਲਦ ਇਨਸਾਫ਼ ਮਿਲੇਗਾ। ਇਸ ਮੌਕੇ ਸਰਪੰਚ ਵੱਲੋਂ ਸ਼੍ਰੀ ਬੌਬੀ ਦਾ ਸਨਮਾਨ ਵੀ ਕੀਤਾ ਗਿਆ। ਇਸ ਦੌਰਾਨ ਬਲਵਿੰਦਰ ਸਿੰਘ ਬਾਵਲਾ, ਅਨਿਲ ਕੁਮਾਰ ਰੌਕੀ, ਰਾਜ ਸਿੰਘ, ਸੋਨੂ ਸਿੰਘ, ਸਰਪੰਚ ਰਣਜੀਤ ਸਿੰਘ ਕਾਲਾਬੂਲਾ, ਸਰਪੰਚ ਦਵਿੰਦਰ ਬਧੇਸ਼ਾ ਹਲਕਾ ਪ੍ਰਧਾਨ ਮਹਿਲ ਕਲਾਂ ਐੱਸ.ਸੀ. ਵਿੰਗ, ਹਰਬੰਸ ਸਿੰਘ ਹੰਸਾ ਗੰਡੇਵਾਲ ਬਲਾਕ ਪ੍ਰਧਾਨ ਸ਼ੇਰਪੁਰ, ਕਾਕਾ ਸਲੇਮਪੁਰ ਆਪ ਆਗੂ, ਅਤੇ ਸੁੱਖਾ ਦੀਦਾਰਗੜ੍ਹ ਆਪ ਆਗੂ ਸਮੇਤ ਵੱਡੀ ਗਿਣਤੀ ਪਿੰਡ ਵਾਸੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਪੰਜਾਬ ਪੇਅ ਸਕੇਲ ਬਹਾਲੀ ਸਾਂਝਾ ਫਰੰਟ ਦੇ ਸੱਦੇ 'ਤੇ ਮਨਾਇਆ ਗਿਆ ਕਾਲਾ ਦਿਵਸ



ਤਲਵੰਡੀ ਸਾਬੋ, 17 ਜੁਲਾਈ (ਗੁਰਜੰਟ ਹੈ ਨਥੇਹਾ)- ਪੰਜ਼ਾਬ ਭਰ ਦੇ ਸਮੂਹ ਮੁਲਾਜ਼ਮ ਜਥੇਬੰਦੀਆਂ ਦੇ ਸਹਿਯੋਗ ਨਾਲ ਪੰਜ਼ਾਬ ਪੇਅ ਸਕੇਲ ਬਹਾਲੀ ਸਾਂਝਾ ਫਰੰਟ ਦੇ ਸੱਦੇ 'ਤੇ ਅੱਜ ਕਾਲੇ ਦਿਵਸ ਵੱਜੋਂ ਪੰਜਾਬ ਭਰ ਦੇ ਸਾਰੇ ਜਿਲ੍ਹਿਆਂ ਤੇ ਬਲਾਕਾਂ, ਦਫ਼ਤਰਾਂ, ਸਕੂਲਾਂ, ਡਿਊਟੀ ਵਾਲੇ ਸਥਾਨਾਂ 'ਤੇ ਡਿਊਟੀ ਕਰਦਿਆਂ ਹੋਇਆ ਕਾਲੇ ਬਿੱਲੇ, ਕਾਲੇ ਰਿਬਨ ਬੰਨ੍ਹ ਕੇ ਮਨਾਇਆ ਗਿਆ ਅਤੇ ਅਧੂਰੇ ਪੇਅ ਸਕੇਲ ਦੀਆਂ ਕਾਪੀਆਂ ਵੀ ਸਾੜੀਆਂ ਗਈਆਂ। ਕਾਲ਼ੇ ਦਿਵਸ ਵੱਜੋਂ ਮਨਾਉਣ 'ਤੇ ਫਰੰਟ ਆਗੂਆਂ ਨੇ ਕਿਹਾ ਕਿ ਪਿਛਲੀ ਸਰਕਾਰ ਵੱਲੋਂ ਇਹ ਮਾਰੂ ਨੋਟੀਫੀਕੇਸ਼ਨ 17 ਜੁਲਾਈ 2020 ਨੂੰ ਲਾਗੂ ਕੀਤਾ ਗਿਆ ਤੇ ਉਸ ਸਮੇਂ ਵਿਰੋਧੀ ਧਿਰ ਦੀ ਭੂਮਿਕਾ ਨਿਭਾ ਰਹੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਇਸ ਮਾਰੂ ਨੋਟੀਫੀਕੇਸ਼ਨ ਦਾ ਵਿਰੋਧ ਕੀਤਾ ਗਿਆ ਸੀ ਤੇ ਸੱਤਾ ਵਿੱਚ ਆਉਣ 'ਤੇ ਸਭ ਤੋਂ ਪਹਿਲਾਂ ਪੰਜਾਬ ਪੇਅ ਸਕੇਲ ਬਹਾਲ ਕਰਨ ਤੇ ਪਰਖ ਕਾਲ ਦਾ ਸਮਾਂ ਘੱਟ ਕਰਨ ਦੀ ਗਰੰਟੀ ਵੀ ਦਿੱਤੀ ਗਈ ਸੀ ਜੋ ਕਿ 3 ਸਾਲ ਪੂਰੇ ਹੋਣ ਤੱਕ ਵੀ ਪੂਰੀ ਨਹੀਂ ਕੀਤੀ ਗਈ। ਇਸ ਤੋਂ ਇਲਾਵਾ ਸੂਬਾ ਕਮੇਟੀ ਨੇ ਸਰਕਾਰ ਤੇ ਹਾਈ ਕੋਰਟ ਤੇ ਸੁਪਰੀਮ ਕੋਰਟ ਦੇ ਹੁਣ ਤੱਕ ਵੱਖ-ਵੱਖ ਵਿਭਾਗਾਂ ਵਿੱਚ ਮੁਲਾਜਮਾਂ ਦੇ ਹੱਕ ਵਿੱਚ ਆਏ ਫੈਸਲਿਆਂ ਨੂੰ ਵੀ ਸਭ 'ਤੇ ਲਾਗੂ ਕਰਨ ਦੀ ਮੰਗ ਕੀਤੀ। ਅੱਜ ਦੇ ਪ੍ਰੋਗਰਾਮ ਸੰਬੰਧੀ ਆਗੂ ਜਸਕਰਨ ਤਲਵੰਡੀ, ਕਿਰਨ ਕੌਰ, ਰਵਨੀਤ ਕੌਰ ਨੇ ਕਿਹਾ ਕਿ ਡਿਊਟੀ ਕਰਦਿਆਂ ਹੁਣ ਤੱਕ ਦਾ ਮੁਲਾਜਮਾਂ ਦਾ ਇਹ ਸਭ ਤੋਂ ਵੱਡਾ ਤੇ ਸਫ਼ਲ ਪ੍ਰੋਗਰਾਮ ਸਰਕਾਰ ਵਿਰੁੱਧ ਹੈ ਜਿਸ ਤੋਂ ਸਰਕਾਰ ਨੂੰ ਸਮਝ ਜਾਣਾ ਚਾਹੀਦਾ ਹੈ ਕਿ ਜੇਕਰ ਵੱਖ-ਵੱਖ ਵਿਭਾਗਾਂ ਦੇ ਸਮੂਹ ਮੁਲਾਜਮਾਂ ਤੇ ਜੇਕਰ ਪੰਜਾਬ ਪੇਅ ਸਕੇਲ ਬਹਾਲ ਨਹੀਂ ਹੁੰਦੇ ਤਾਂ ਇਸ ਦਾ ਆਉਣ ਵਾਲ਼ੀਆਂ 2027 ਦੀ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਕਿੰਨਾ ਵੱਡਾ ਨੁਕਸਾਨ ਹੋਣਾ, ਉਹਨਾਂ ਤੋਂ ਵੱਧ ਕੇ ਕੋਈ ਨਹੀਂ ਜਾਣ ਸਕਦਾ ਕਿ ਮੁਲਾਜ਼ਮ ਏਕਤਾ ਕਿ ਹੁੰਦੀ ਹੈ। ਆਗੂਆਂ ਨੇ ਸਰਕਾਰ ਨੂੰ ਏਨੀਆਂ ਘੱਟ ਤਨਖਾਹਾਂ ਤੇ ਕੰਮ ਕਰਨ ਲਈ ਮਜ਼ਬੂਰ ਕੀਤਾ ਹੋਇਆ ਆ, ਜਿਸ ਕਰਕੇ ਮਾਨਸਿਕ ਪ੍ਰੇਸ਼ਾਨੀ ਤੇ ਹੋਰ ਪਰਿਵਾਰਕ ਜਰੂਰਤਾਂ ਪੂਰੀਆਂ ਕਰਨੀਆਂ ਮੁਸ਼ਿਕਲ ਹੋਈਆਂ ਹਨ। ਘਰਾਂ ਤੋਂ 150 ਤੋਂ 250 ਕਿਲੋਮੀਟਰ ਦੂਰ ਡਿਊਟੀਆਂ ਕਰਨਾ ਤੇ ਹਰ ਮਹੀਨੇ 15000 ਤੋਂ 20000 ਘੱਟ ਤਨਖਾਹ ਮਿਲਣਾ ਉਹਨਾਂ ਨਾਲ ਕਿੱਥੋਂ ਦਾ ਇਨਸਾਫ਼ ਹੈ। ਆਗੂਆਂ ਨੇ ਸਪੱਸ਼ਟ ਕੀਤਾ ਕਿ ਇਸ ਐਕਸ਼ਨ ਤੋਂ ਬਾਅਦ ਅਗਸਤ ਵਿੱਚ ਸੂਬਾ ਪੱਧਰੀ ਰੈਲੀ ਵੀ ਆਉਣ ਸਮੇਂ ਵਿੱਚ ਕੀਤੀ ਜਾਵੇਗੀ ਜਿਸ ਵਿਚ ਹਜਾਰਾਂ ਦੀ ਗਿਣਤੀ ਵਿੱਚ ਮੁਲਾਜ਼ਮ ਸਿਰਕਤ ਕਰਨਗੇ। ਇਸ ਸਮੇਂ ਜਸਕਰਨ ਤਲਵੰਡੀ, ਕਿਰਨ ਕੌਰ, ਰਵਨੀਤ ਕੌਰ ਦੇ ਨਾਲ ਗਗਨਦੀਪ ਕੌਰ, ਸਰਬਜੀਤ ਕੌਰ, ਜਸਪ੍ਰੀਤ ਕੌਰ, ਅਮਨਦੀਪ ਕੌਰ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### ਸਿੱਖ ਪੰਥ ਦੀ ਅਗਵਾਈ ਦੇ ਯੋਗ ਨਹੀਂ ਅਕਾਲੀ ਲੀਡਰਸ਼ਿਪ

# ਗੁਰੂ ਗ੍ਰੰਥ ਸਾਹਿਬ ਦੀ ਸਰਬਉੱਚਤਾ ਤੇ ਹਸਤੀ ਬਾਰੇ ਇਆਲੀ ਵਰਗੇ ਲੀਡਰ ਨਹੀਂ ਲੈ ਸਕੇ ਸਪੱਸ਼ਟ ਸਟੈਂਡ

**☛ ਬਾਦਲ ਤੇ ਬਾਦਲ ਵਿਰੋਧੀ ਅਕਾਲੀ ਲੀਡਰਸ਼ਿਪ ਪੰਥ ਦੀ ਅਗਵਾਈ ਦੇ ਯੋਗ ਨਹੀਂ ਰਹੀ ☛ ਸ਼ਾਬਾਸ਼ ਪ੍ਰਗਟ ਸਿੰਘ ਗਰੰਥ ਤੇ ਪੰਥ ਦੀ ਹਸਤੀ ਬਾਰੇ ਸਹੀ ਸਟੈਂਡ ਲਿਆ**




ਪੰਜਾਬ ਦੀ ਧਰਤੀ, ਜਿੱਥੇ ਗੁਰੂਆਂ ਦੀਆਂ ਪੈੜਾਂ ਨੇ ਮਿੱਟੀ ਨੂੰ ਅੰਮ੍ਰਿਤ-ਰਸ ਨਾਲ ਸਿੰਜਿਆ, ਅੱਜ ਇੱਕ ਅਜਿਹੇ ਦੌਰ ਵਿੱਚੋਂ ਲੰਘ ਰਹੀ ਹੈ, ਜਿੱਥੇ ਸਿੱਖੀ ਦੀ ਜੁਗਨੂੰ-ਜਿਹੀ ਜੋਤ ਨੂੰ ਸਿਆਸੀ ਪਾਗਲ ਹਵਾਵਾਂ ਚੁਣੌਤੀ ਦੇ ਰਹੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ, ਸਿੱਖ ਪੰਥ ਸਦੀਵੀ ਗੁਰੂ ਹੈ, ਤੇ ਸਿੱਖ ਪੰਥ ਦੀ ਹਸਤੀ ਲਿਵਿੰਗ ਸ਼ਬਦ ਗੁਰੂ ਗੁਰੂ ਗ੍ਰੰਥ ਸਾਹਿਬ ਨਾਲ ਹੈ। ਅੱਜ ਸਿਖ ਪੰਥ ਦੀ ਸਿਆਸੀ ਲੀਡਰਸ਼ਿਪ ਸਿਆਸੀ ਸੌਦੇਬਾਜ਼ੀਆਂ ਤੇ ਸਤਾ ਦੀ ਲਾਲਸਾ ਦੇ ਜੰਜਾਲ ਵਿੱਚ ਫਸੀ ਹੋਈ ਜਾਪਦੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

ਅਕਾਲੀ ਦਲ, ਜਿਸ ਨੂੰ ਕਦੀ ਪੰਥ ਦੀ ਢਾਲ ਸਮਝਿਆ ਜਾਂਦਾ ਸੀ, ਅੱਜ ਖੋਟੇ ਸਿੱਕਿਆਂ ਵਾਂਗ ਰੁਲ ਰਿਹਾ ਹੈ, ਕਿਉਂਕਿ ਉਸ ਦੀ ਲੀਡਰਸ਼ਿਪ ਦੀ ਅਸਲੀਅਤ ਖੋਟ ਤੇ ਕਪਟ ਨਾਲ ਭਰੀ ਹੈ। ਬਾਦਲ ਪਰਿਵਾਰ ਜਾਂ ਮਨਪ੍ਰੀਤ ਸਿੰਘ ਇਆਲੀ ਵਰਗੇ ਆਗੂ, ਜਿਨ੍ਹਾਂ ਦੀਆਂ ਜੜ੍ਹਾਂ ਸਿਆਸੀ ਸੌਦੇਬਾਜ਼ੀ ਵਿੱਚ ਡੂੰਘੀਆਂ ਹਨ, ਪੰਥ ਦੀ ਅਗਵਾਈ ਦੀ ਅਣਖ ਨੂੰ ਸਮਝਣੋਂ ਅਸਮਰਥ ਹਨ। ਇਹ ਆਗੂ, ਜਿਹੜੇ ਗੁਰੂ ਦੀ ਸਰਬਉੱਚਤਾ ਨੂੰ ਸਮਝਣ ਦੀ ਥਾਂ ਧਰਮ-ਨਿਰਪੱਖਤਾ ਦਾ ਨਕਾਬ ਪਹਿਨ ਕੇ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਨੂੰ ਬਾਕੀ ਗ੍ਰੰਥਾਂ ਨਾਲ ਰਲਗਡ ਕਰਨ ਦੀ ਕੋਸ਼ਿਸ਼ ਕਰਦੇ ਹਨ, ਸਿੱਖੀ ਦੇ ਸਰੋਕਾਰਾਂ ਨੂੰ ਤਰਕ ਦੇ ਤੀਰ ਨਾਲ ਵਿੰਨ੍ਹਦੇ ਹਨ।

ਪਰ ਦੂਜੇ ਪਾਸੇ, ਪ੍ਰਗਟ ਸਿੰਘ, ਪ੍ਰਤਾਪ ਸਿੰਘ ਬਾਜਵਾ ਅਤੇ ਸੁਖਪਾਲ ਸਿੰਘ ਖਹਿਰਾ ਵਰਗੇ ਕਾਂਗਰਸੀ ਆਗੂ ਸਿੱਖ ਸਾਈਕੀ ਦੀ ਗੂੜ੍ਹੀ ਸਮਝ ਰੱਖਦੇ ਹਨ। ਬਾਜਵਾ ਨੇ ਜਦੋਂ ਸਰਕਾਰ ਦੇ ਬਿੱਲ ਵਿੱਚ ਗੁਰੂ ਸਾਹਿਬ ਨੂੰ ਸਿਰਫ਼ "ਪਵਿੱਤਰ ਗ੍ਰੰਥ" ਕਹਿਣ ਦੀ ਨਿਖੇਧੀ ਕੀਤੀ, ਤਾਂ ਉਸ ਦੀ ਆਵਾਜ਼ ਸਿੱਖ ਪੰਥ ਦੀ ਅਣਖ ਦੀ ਗੂੰਜ ਸੀ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਿਰਫ਼ ਗ੍ਰੰਥ ਨਹੀਂ, ਸਗੋਂ ਸਿੱਖਾਂ ਦਾ ਜੀਵਤ ਗੁਰੂ ਹੈ, ਜਿਸ ਦੀ ਇਲਾਹੀ ਹਸਤੀ ਨੂੰ ਕਿਸੇ ਹੋਰ ਧਾਰਮਿਕ ਕਿਤਾਬ ਨਾਲ ਜੋੜਿਆ ਨਹੀਂ ਜਾ ਸਕਦਾ। ਇਹ ਸਟੈਂਡ ਸਿੱਖੀ ਦੀ ਵਿਲੱਖਣਤਾ ਦੀ ਰਾਖੀ ਕਰਦਾ ਹੈ, ਜਿਸ ਨੂੰ ਸਰਕਾਰ ਸਮਝਣ ਤੋਂ ਅਸਮਰਥ ਹੈ।

ਬਰਗਾੜੀ ਦੀ ਬੇਅਦਬੀ, ਜੋ ਸਿੱਖ ਕੌਮ ਦੇ ਦਿਲ 'ਤੇ ਤੀਰ ਵਾਂਗ ਵੱਜੀ ਸੀ, ਉਸ ਬਾਰੇ ਸਿਖ ਪੰਥ ਅਜੇ ਵੀ ਸਜ਼ਾ ਦੀ ਉਡੀਕ ਵਿੱਚ ਹੈ। ਪਰਗਟ ਸਿੰਘ ਨੇ ਜਦੋਂ 2007 ਦੇ ਸੌਦਾ ਸਾਧ ਸਵਾਂਗ ਅਤੇ ਬੇਅਦਬੀ ਦਾ ਜ਼ਿਕਰ ਕੀਤਾ, ਤਾਂ ਉਸ ਨੇ ਸਪੱਸ਼ਟ ਕੀਤਾ ਕਿ ਅਕਾਲੀ ਸਰਕਾਰ ਨੇ ਸਿਰਫ਼ ਸੱਤਾ ਦੀ ਰਸਮ ਨਿਭਾਈ, ਜਾਂਚ ਨਹੀਂ ਕੀਤੀ। ਆਮ ਆਦਮੀ ਪਾਰਟੀ ਦੀ ਸਰਕਾਰ, ਜਿਸ ਨੇ 24 ਘੰਟਿਆਂ ਵਿੱਚ ਇਨਸਾਫ਼ ਦਾ ਵਾਅਦਾ ਕੀਤਾ, ਢਾਈ ਸਾਲ ਬੀਤਣ 'ਤੇ ਵੀ ਚੁੱਪ ਹੈ। ਪ੍ਰਗਟ ਸਿੰਘ ਅਨੁਸਾਰ ਮੌੜ ਬੰਬ ਧਮਾਕੇ ਦੀਆਂ ਤਾਰਾਂ ਡੇਰਾ ਸਿਰਸਾ ਨਾਲ ਜੁੜਦੀਆਂ ਹਨ, ਪਰ ਸਰਕਾਰ ਦੀ ਚੁੱਪੀ ਸਿਆਸੀ ਸੌਦੇਬਾਜ਼ੀ ਦੀ ਗਵਾਹੀ ਦਿੰਦੀ ਹੈ।

ਮਨਪ੍ਰੀਤ ਇਆਲੀ ਦਾ ਇਹ ਕਹਿਣਾ ਕਿ "ਬੇਅਦਬੀ ਲਈ ਕੋਈ ਸਰਕਾਰ ਜ਼ਿੰਮੇਵਾਰ ਨਹੀਂ" ਅਕਾਲ ਤਖਤ ਦੇ ਫੈਸਲੇ ਨੂੰ ਝੁਠਲਾਉਂਦਾ ਹੈ, ਜਿਸ ਵਿੱਚ ਸੁਖਬੀਰ ਸਿੰਘ ਬਾਦਲ ਨੇ ਬੇਅਦਬੀ ਅਤੇ ਗੋਲੀਕਾਂਡ ਦੀ ਜ਼ਿੰਮੇਵਾਰੀ ਮੰਨੀ ਸੀ। ਇਹ ਬਿਆਨ ਸਿੱਖੀ ਦੀ ਅਣਖ ਨੂੰ ਠੇਸ ਪਹੁੰਚਾਉਂਦਾ ਹੈ ਅਤੇ ਸਾਬਤ ਕਰਦਾ ਹੈ ਕਿ ਅਕਾਲੀ ਲੀਡਰਸ਼ਿਪ ਪੰਥਕ ਮਸਲਿਆਂ 'ਤੇ ਸਪੱਸ਼ਟ ਸਟੈਂਡ ਲੈਣ ਦੀ ਥਾਂ ਸਿਆਸੀ ਸਮਝੌਤਿਆਂ ਤੇ ਸਤਾ ਦੀ ਲਾਲਸਾ ਵਿੱਚ ਉਲਝੀ ਹੋਈ ਹੈ ।ਇਸੇ ਕਰਕੇ ਸਿਖ ਪੰਥ ਨੇ ਇਹਨਾਂ ਨੂੰ ਨਕਾਰ ਦਿਤਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਸਿਰਫ਼ ਇੱਕ ਗ੍ਰੰਥ ਨਹੀਂ, ਸਗੋਂ ਸਿੱਖ ਪੰਥ ਦਾ ਜੀਵਤ ਗੁਰੂ ਹੈ, ਜਿਸ ਦੀ ਬਾਣੀ ਵਿੱਚ ਸਮੁੰਦਰ ਦੀ ਗਹਿਰਾਈ ਅਤੇ ਅਕਾਸ਼ ਦੀ ਬੁਲੰਦੀ ਸਮਾਈ ਹੈ ।ਇਸ ਨੂੰ ਬਾਕੀ ਧਾਰਮਿਕ ਗ੍ਰੰਥਾਂ ਨਾਲ ਮਿਲਾਉਣਾ ਸਿੱਖੀ ਦੀ ਵਿਲੱਖਣਤਾ ਨੂੰ ਮਟੀਆਮੇਟ ਕਰਨ ਦੀ ਕੋਸ਼ਿਸ਼ ਹੈ। ਸਰਕਾਰ ਨੂੰ ਸਿੱਖ ਬੁੱਧੀਜੀਵੀਆਂ ਅਤੇ ਪੰਥਕ ਆਗੂਆਂ ਦੀ ਕਮੇਟੀ ਬਣਾ ਕੇ ਇਸ ਬਿੱਲ ਨੂੰ ਗੁਰੂ ਸਾਹਿਬ ਦੀ ਸਰਬਉੱਚਤਾ ਅਨੁਸਾਰ ਸੋਧਣਾ ਚਾਹੀਦਾ। ਬੇਅਦਬੀ ਦੇ ਦੋਸ਼ੀਆਂ ਨੂੰ 30 ਦਿਨਾਂ ਅੰਦਰ ਸਜ਼ਾ ਦੇਣ ਦੀ ਸਖਤ ਸਮਾਂ-ਸੀਮਾ ਲਾਗੂ ਕਰਨੀ ਚਾਹੀਦੀ, ਤਾਂ ਜੋ ਸਿੱਖ ਕੌਮ ਦੇ ਜਖਮਾਂ 'ਤੇ ਮਰਹਮ ਲੱਗ ਸਕੇ।

ਸਰਕਾਰ ਨੂੰ ਚਾਹੀਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਸਰਬਉੱਚਤਾ ਨੂੰ ਸਤਿਕਾਰ ਦਿੰਦਿਆਂ, ਬੇਅਦਬੀ ਦੇ ਮਾਮਲਿਆਂ ਵਿੱਚ ਸਖਤ ਕਾਰਵਾਈ ਕਰੇ, ਤਾਂ ਜੋ ਪੰਥ ਦਾ ਵਿਸ਼ਵਾਸ ਸਰਕਾਰ ਉਪਰ ਬਣ ਸਕੇ ।ਸਾਨੂੰ ਕੋਈ ਇਤਰਾਜ਼ ਨਹੀਂ ਆਪ ਸਰਕਾਰ ਦੂਜੇ ਧਰਮਾਂ ਦੇ ਗ੍ਰੰਥਾਂ ਤੇ ਬੁਤਾਂ ਬਾਰੇ ਸਖਤ ਕਨੂੰਨ ਬਣਾਵੇ,ਪਰ ਗੁਰੂ ਗ੍ਰੰਥ ਸਾਹਿਬ ਨੂੰ ਇਨ੍ਹਾਂ ਨਾਲ ਰਲਗਡ ਨਾ ਕਰੇ ।ਗੁਰੂ ਗ੍ਰੰਥ ਸਾਹਿਬ ਲਿਵਿੰਗ ਗੁਰੂ ਹੈ।

**- ਬਲਵਿੰਦਰ ਪਾਲ ਸਿੰਘ ਪ੍ਰੋਫੈਸਰ**


ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243


## ਆਮ ਆਦਮੀ ਪਾਰਟੀ ਦਾ ਨਿਆਂ ਨਾਲ ਦੋਗਲਾ ਵਤੀਰਾ - ਵਿਧਾਨ ਸਭਾ ਦੀ ਦੁਰਵਰਤੋਂ ਸਿਆਸੀ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣ ਲਈ, ਜਦਕਿ 1986 ਦੇ ਨਕੋਦਰ ਗੋਲੀਕਾਂਡ ਦੀ ਸੱਚਾਈ ਨੂੰ ਰੋਕਿਆ ਜਾ ਰਿਹਾ ਹੈ : ਖਹਿਰਾ

**ਚੰਡੀਗੜ੍ਹ, 17 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਸੁਖਪਾਲ ਸਿੰਘ ਖਹਿਰਾ, ਵਿਧਾਇਕ ਭੁਲੱਥ,ਨੇ ਅੱਜ ਆਮ ਆਦਮੀ ਪਾਰਟੀ (ਆਪ) ਸਰਕਾਰ ਦੀ 1986 ਦੇ ਨਕੋਦਰ ਗੋਲੀਕਾਂਡ, 2015 ਦੇ ਬਰਗਾੜੀ ਬੇਅਦਬੀ, ਅਤੇ ਬਹਿਬਲ ਕਲਾਂ ਪੁਲੀਸ ਗੋਲੀਕਾਂਡ ਵਰਗੇ ਸੰਵੇਦਨਸ਼ੀਲ ਧਾਰਮਿਕ ਅਤੇ ਮਨੁੱਖੀ ਅਧਿਕਾਰ ਮੁੱਦਿਆਂ ਨੂੰ ਸਿਆਸੀ ਲਾਭ ਲਈ ਸ਼ੋਸ਼ਣ ਕਰਨ ਅਤੇ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਨਿਆਂ ਨੂੰ ਰੋਕਣ ਦੀ ਸਖ਼ਤ ਨਿੰਦਾ ਕੀਤੀ।



ਆਵਾਜ਼ਿ ਕੌਮ AWAZE QAUM International Newspaper & WEB TV

ਖਹਿਰਾ ਨੇ ਸੀਨੀਅਰ ਆਪ ਆਗੂਆਂ, ਜਿਨ੍ਹਾਂ ਵਿੱਚ ਵਿੱਤ ਮੰਤਰੀ ਹਰਪਾਲ ਚੀਮਾ ਅਤੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਸ਼ਾਮਲ ਹਨ, ਤੇ ਦੋਸ਼ ਲਗਾਇਆ ਕਿ ਉਹ ਜਾਣਬੁੱਝ ਕੇ ਪੰਜਾਬ ਵਿਧਾਨ ਸਭਾ ਦੀ ਦੁਰਵਰਤੋਂ ਕਰਕੇ ਜਨਤਾ ਦਾ ਧਿਆਨ ਪਾਰਟੀ ਦੀ ਗੰਭੀਰ ਮਨੁੱਖੀ ਅਧਿਕਾਰ ਉਲੰਘਣਾਂ 'ਤੇ ਕਾਰਵਾਈ ਨਾ ਕਰਨ ਦੀ ਅਸਫਲਤਾ ਤੋਂ ਹਟਾ ਰਹੇ ਹਨ। ਖਹਿਰਾ ਨੇ ਕਿਹਾ ਕਿ ਨਿਆਂ ਦੀ ਪਿੱਛਾ ਕਰਨ ਦੀ ਬਜਾਏ, ਆਪ ਵਿਧਾਨ ਸਭਾ ਦੇ ਮੰਚ ਨੂੰ ਉਨ੍ਹਾਂ ਵਰਗੇ ਸਿਆਸੀ ਵਿਰੋਧੀਆਂ ਨੂੰ ਬਦਨੀਅਤ ਨਾਲ ਨਿਸ਼ਾਨਾ ਬਣਾਉਣ ਲਈ ਵਰਤ ਰਹੀ ਹੈ। "ਨਕੋਦਰ ਨਰਸੰਘਾਰ ਦੇ ਅਸਲ ਅਪਰਾਧੀਆਂ ਖਿਲਾਫ ਕਾਰਵਾਈ ਕਰਨ ਦੀ ਬਜਾਏ, ਆਪ ਆਗੂ ਵਿਧਾਨ ਸਭਾ ਨੂੰ ਨਿੱਜੀ ਅਤੇ ਸਿਆਸੀ ਸਕੋਰ ਸੈਟਲ ਕਰਨ ਲਈ ਵਰਤ ਰਹੇ ਹਨ। ਇਹ ਜਨਤਾ ਦੇ ਵਿਸ਼ਵਾਸ ਨਾਲ ਵਿਸ਼ਵਾਸਘਾਤ ਅਤੇ ਸੱਤਾ ਦਾ ਘੋਰ ਦੁਰਉਪਯੋਗ ਹੈ," ਖਹਿਰਾ ਨੇ ਕਿਹਾ। ਹਾਲ ਹੀ ਦੀ ਇੱਕ ਮੀਡੀਆ ਰਿਪੋਰਟ ਦਾ ਹਵਾਲਾ ਦਿੰਦਿਆਂ, ਖਹਿਰਾ ਨੇ ਬਲਦੇਵ ਸਿੰਘ, ਜੋ 1986 ਦੇ ਨਕੋਦਰ ਪੁਲਿਸ ਗੋਲੀਕਾਂਡ ਵਿੱਚ ਸ਼ਹੀਦ ਹੋਏ ਚਾਰ ਸਿੱਖ ਨੌਜਵਾਨਾਂ ਵਿੱਚੋਂ ਇੱਕ ਰੁਪਿੰਦਰ ਸਿੰਘ ਦੇ ਪਿਤਾ ਹਨ, ਦੇ ਬਿਆਨ ਨੂੰ ਉਜਾਗਰ ਕੀਤਾ। ਬਲਦੇਵ ਸਿੰਘ ਨੇ ਖੁੱਲ੍ਹੇਆਮ ਦੋਸ਼ ਲਗਾਇਆ ਹੈ ਕਿ ਆਪ ਆਗੂ ਹਰਪਾਲ ਚੀਮਾ ਅਤੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨਿਆਂ ਨੂੰ ਸਰਗਰਮੀ ਨਾਲ ਰੋਕ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਅਤੇ ਹੋਰ ਪੀੜਤ ਪਰਿਵਾਰਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ 17 ਲਿਖਤੀ ਪਟੀਸ਼ਨਾਂ ਜਮ੍ਹਾਂ ਕਰਵਾਈਆਂ ਹਨ, ਜਿਨ੍ਹਾਂ ਦੀਆਂ ਕਾਪੀਆਂ ਚੀਮਾ ਅਤੇ ਸੰਧਵਾਂ ਨੂੰ ਵੀ ਦਿੱਤੀਆਂ ਗਈਆਂ। ਬਲਦੇਵ ਸਿੰਘ ਨੇ ਦੋਸ਼ ਲਗਾਇਆ ਕਿ ਆਪ ਲੀਡਰਸ਼ਿਪ ਨੇ ਕਾਰਵਾਈ ਕਰਨ ਦੀ ਬਜਾਏ, ਨਕੋਦਰ ਕਤਲਾਂ ਦੇ ਦੋਸ਼ੀਆਂ ਨੂੰ ਬਚਾਉਣ ਦੀ ਚੋਣ ਕੀਤੀ ਹੈ। "ਅਸੀਂ ਵਾਰ-ਵਾਰ ਪਟੀਸ਼ਨਾਂ ਭੇਜੀਆਂ ਹਨ, ਜਿਨ੍ਹਾਂ ਵਿੱਚੋਂ ਇੱਕ 7 ਅਕਤੂਬਰ, 2023 ਨੂੰ ਸੀ। ਇਸ ਦੇ ਬਾਵਜੂਦ, ਕੋਈ ਕਾਰਵਾਈ ਨਹੀਂ ਹੋਈ, ਸਿਰਫ ਧੋਖਾ ਮਿਲਿਆ। ਆਪ ਸਰਕਾਰ ਸਪੱਸ਼ਟ ਤੌਰ 'ਤੇ ਸਾਡੇ ਪੁੱਤਰਾਂ ਦੇ ਕਤਲਾਂ ਦੇ ਜ਼ਿੰਮੇਵਾਰ ਲੋਕਾਂ ਨੂੰ ਬਚਾ ਰਹੀ ਹੈ," ਬਲਦੇਵ ਸਿੰਘ ਨੇ ਕਿਹਾ। ਉਨ੍ਹਾਂ ਨੇ ਅੱਗੇ ਦੋਸ਼ ਲਗਾਇਆ ਕਿ ਸਤੰਬਰ 2022 ਵਿੱਚ ਸਪੀਕਰ ਨੂੰ ਪਟੀਸ਼ਨ ਦਿੱਤੇ ਜਾਣ ਦੇ ਬਾਵਜੂਦ, ਰਾਜ ਦੇ ਐਡਵੋਕੇਟ ਜਨਰਲ ਦੇ ਦਫਤਰ ਨੇ, ਜੋ ਕਥਿਤ ਤੌਰ 'ਤੇ ਆਪ ਦੇ ਨਿਰਦੇਸ਼ਾਂ ਅਧੀਨ ਸੀ, ਜਾਣਬੁੱਝ ਕੇ ਮਾਮਲੇ ਨੂੰ ਗੁੰਮਰਾਹ ਕਰਕੇ ਹਾਈ ਕੋਰਟ ਵਿੱਚ ਪਟੀਸ਼ਨ ਨੂੰ ਬਿਨਾਂ ਨਿਆਂ ਦੇ ਨਿਪਟਾ ਦਿੱਤਾ। "ਇਹ ਵਿਸ਼ਵਾਸਘਾਤ ਤੋਂ ਘੱਟ ਨਹੀਂ ਹੈ। ਆਪ ਆਗੂਆਂ ਨੇ ਵਿਰੋਧੀ ਧਿਰ ਵਿੱਚ ਹੁੰਦਿਆਂ ਸਾਡੇ ਦੁੱਖ ਦੀ ਵਰਤੋਂ ਵੋਟਾਂ ਲੈਣ ਲਈ ਕੀਤੀ। ਪਰ ਹੁਣ ਸੱਤਾ ਵਿੱਚ, ਉਨ੍ਹਾਂ ਨੇ ਸਾਡੇ ਨਾਲ ਪੂਰੀ ਤਰ੍ਹਾਂ ਮੂੰਹ ਮੋੜ ਲਿਆ ਹੈ," ਬਲਦੇਵ ਸਿੰਘ ਨੇ ਕਿਹਾ। ਖਹਿਰਾ ਨੇ ਇਸ ਦੋਗਲੇਪਣ ਦੀ ਸਖ਼ਤ ਨਿੰਦਾ ਕੀਤੀ ਅਤੇ ਸਵਾਲ ਕੀਤਾ ਕਿ ਆਪ ਦੇ ਸਾਢੇ ਤਿੰਨ ਸਾਲ ਦੇ ਸ਼ਾਸਨ ਦੇ ਬਾਵਜੂਦ ਨਕੋਦਰ ਜਾਂ ਬਰਗਾੜੀ ਮਾਮਲਿਆਂ ਵਿੱਚ ਇੱਕ ਵੀ ਅਧਿਕਾਰੀ ਜਾਂ ਸਿਆਸਤਦਾਨ 'ਤੇ ਮੁਕੱਦਮਾ ਕਿਉਂ ਨਹੀਂ ਚਲਾਇਆ ਗਿਆ। ਜਿਵੇਂ ਬਰਗਾੜੀ ਵਿੱਚ ਕੋਈ ਨਿਆਂ ਨਹੀਂ ਮਿਲਿਆ, ਉਵੇਂ ਹੀ ਹੁਣ ਉਹ ਵਿਧਾਨ ਸਭਾ ਵਿੱਚ ਡਰਾਮਾ ਕਰਕੇ ਆਪਣੇ ਅਪਰਾਧ ਅਤੇ ਅਸਫਲਤਾ ਤੋਂ ਧਿਆਨ ਹਟਾ ਰਹੇ ਹਨ," ਖਹਿਰਾ ਨੇ ਕਿਹਾ।

ਉਨ੍ਹਾਂ ਨੇ ਮੰਗ ਕੀਤੀ:

1. ਗੁਰਨਾਮ ਸਿੰਘ ਕਮਿਸ਼ਨ ਦੀ ਪੂਰੀ, ਬਿਨਾਂ ਸੋਧੀ ਰਿਪੋਰਟ ਵਿਧਾਨ ਸਭਾ ਵਿੱਚ ਪੇਸ਼ ਕੀਤੀ ਜਾਵੇ।
2. ਨਕੋਦਰ ਗੋਲੀਕਾਂਡ ਅਤੇ ਬੇਅਦਬੀ ਘਟਨਾਵਾਂ ਦੀ ਸੀਬੀਆਈ ਜਾਂਚ ਕੀਤੀ ਜਾਵੇ।
3. ਸੰਬੰਧਿਤ ਅਧਿਕਾਰੀਆਂ ਨੂੰ ਮੁਅੱਤਲ ਕਰਕੇ ਮੁਕੱਦਮਾ ਚਲਾਇਆ ਜਾਵੇ।
4. ਧਾਰਮਿਕ ਅਤੇ ਭਾਵਨਾਤਮਕ ਮੁੱਦਿਆਂ ਦੀ ਸਿਆਸੀ ਸ਼ੋਸ਼ਣਬਾਜ਼ੀ ਨੂੰ ਚੋਣ ਲਾਭ ਲਈ ਬੰਦ ਕੀਤਾ ਜਾਵੇ।

"ਇਹ ਸਿਰਫ ਨਿਆਂ ਵਿੱਚ ਦੇਰੀ ਦਾ ਮੁੱਦਾ ਨਹੀਂ, ਸਗੋਂ ਨਿਆਂ ਨੂੰ ਪੂਰੀ ਤਰ੍ਹਾਂ ਨਕਾਰਨ ਦਾ ਮਾਮਲਾ ਹੈ। ਮੈਂ ਪੰਜਾਬੀਆਂ ਨੂੰ ਅਪੀਲ ਕਰਦਾ ਹਾਂ ਕਿ ਉਹ ਆਪ ਦੀ ਖੇਡ ਨੂੰ ਸਮਝਣ। ਉਨ੍ਹਾਂ ਦਾ ਝੂਠਾ ਨੈਤਿਕ ਉੱਚ ਸਥਾਨ ਢਹਿ ਗਿਆ ਹੈ," ਖਹਿਰਾ ਨੇ ਅੰਤ ਵਿੱਚ ਕਿਹਾ।

## ਖਾਲਿਸਤਾਨੀ ਸੰਘਰਸ਼ ਦਾ ਅਪਰਾਧਕ ਗਤੀਵਿਧੀਆਂ ਨਾਲ ਕੋਈ ਸੰਬੰਧ ਨਹੀਂ -ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ.



**ਲੰਡਨ, 17 ਜੁਲਾਈ (ਸਰਬਜੀਤ ਸਿੰਘ ਬਨੂੜ)**-ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਵਲੋਂ ਜਾਰੀ ਇਕ ਪ੍ਰੈੱਸ ਬਿਆਨ ਰਾਹੀਂ ਵੱਡੀ ਸਪੱਸ਼ਟਤਾ ਨਾਲ ਆਖਿਆ ਗਿਆ ਹੈ ਕਿ ਖਾਲਿਸਤਾਨੀ ਆਜ਼ਾਦੀ ਸੰਘਰਸ਼ ਦਾ ਕਿਸੇ ਵੀ ਤਰੀਕੇ ਦੀ ਫਿਰੌਤੀ, ਨਸ਼ਾ ਤਸਕਰੀ, ਗੈਂਗਵਾਰ ਜਾਂ ਨਿੱਜੀ ਵੈਰ ਵਿਰੋਧ ਨਾਲ ਕੋਈ ਲੈਣਾ ਦੇਣਾ ਨਹੀਂ ।ਇਹ ਸਾਰੀਆਂ ਗਤੀਵਿਧੀਆਂ ਸਿੱਖੀ ਅਤੇ ਖ਼ਾਲਸਾ ਪੰਥ ਦੇ ਅਸੂਲਾਂ ਦੇ ਉਲਟ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

ਫੈਡਰੇਸ਼ਨ ਦੇ ਕੋਆਰਡੀਨੇਟਰ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਵਲੋਂ ਆਖਿਆ ਗਿਆ ਕਿ ਭਾਰਤੀ ਮੀਡੀਆ ਅਤੇ ਸਰਕਾਰੀ ਧਿਰਾਂ ਵਲੋਂ ਜਾਣ ਬੁੱਝ ਕੇ ਖਾਲਿਸਤਾਨੀ ਸੰਘਰਸ਼ ਨੂੰ ਅਜਿਹੀਆਂ ਘਟਨਾਵਾਂ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਜੋ ਸੰਘਰਸ਼ ਦੀ ਅਸਲ ਰੂਹ ਨੂੰ ਬਦਨਾਮ ਕੀਤਾ ਜਾਵੇ।

ਉਹਨਾਂ ਯਾਦ ਦਿਵਾਇਆ ਕਿ 1980-90 ਦੇ ਦੌਰਾਨ ਵੀ ਜਾਅਲੀ ਲੈਟਰਹੈੱਡਾਂ ਰਾਹੀਂ ਲੋਕਾਂ ਤੋਂ ਫਿਰੌਤੀਆਂ ਮੰਗਣ ਅਤੇ ਖਾੜਕੂ ਜਥੇਬੰਦੀਆਂ ਦੇ ਨਾਂ 'ਤੇ ਧਮਕੀਆਂ ਦੇਣ ਦੇ ਕੇ ਲੋਕਾਂ ਨੂੰ ਡਰਾਉਣ ਦੀਆਂ ਸਰਕਾਰੀ ਸਾਜ਼ਿਸ਼ਾਂ ਸਾਹਮਣੇ ਆਈਆਂ ਸਨ। ਬਿਆਨ ਵਿੱਚ ਆਖਿਆ ਗਿਆ ਕਿ ਖਾਲਿਸਤਾਨੀ ਸੰਘਰਸ਼ ਸੱਚ, ਇਨਸਾਫ਼ ਅਤੇ ਧਰਮ ਦੇ ਅਸੂਲਾਂ ਉੱਤੇ ਅਧਾਰਤ ਹੈ। ਇਸ ਰਾਹ 'ਤੇ ਚਲਦਿਆਂ ਹਜ਼ਾਰਾਂ ਸਿੱਖ ਨੌਜਵਾਨ, ਔਰਤਾਂ, ਬਜ਼ੁਰਗ ਅਤੇ ਬੱਚੇ ਸ਼ਹੀਦ ਹੋਏ ਹਨ, ਜੋ ਕਿ ਕਿਸੇ ਅਪਰਾਧਕ ਕਾਰਵਾਈ ਨਹੀਂ ਸੀ, ਸਗੋਂ ਕੌਮੀ ਮਕਸਦ ਲਈ ਆਪਣੀ ਜਾਨ ਵਾਰ ਗਏ।

ਉਨ੍ਹਾਂ ਭਾਰਤ ਵਿੱਚ ਅਤੇ ਵਿਦੇਸ਼ਾਂ ਵਿੱਚ ਵਾਪਰ ਰਹੀਆਂ ਅਜਿਹੀਆਂ ਘਟਨਾਵਾਂ ਜਿਵੇਂ ਕਿ ਨਿੱਜੀ ਵੈਰ-ਵਿਰੋਧ, ਗੈਂਗਵਾਰ ਆਦਿ ਨੂੰ ਸਿੱਖ ਜਥੇਬੰਦੀਆਂ ਨਾਲ ਜੋੜਨ ਦੀ ਸਾਜ਼ਿਸ਼ ਦਾ ਖੰਡਨ ਕੀਤਾ। ਇਹ ਵੀ ਆਖਿਆ ਗਿਆ ਕਿ ਜੋ ਵਿਅਕਤੀ ਅਜਿਹੀਆਂ ਗਤੀਵਿਧੀਆਂ ਵਿੱਚ ਸ਼ਾਮਿਲ ਹਨ, ਉਹ ਸਿੱਖੀ ਦੇ ਵੈਰੀ ਹਨ ਨਾ ਕਿ ਸਿੱਖ ਕੌਮ ਦੇ ਨੁਮਾਇੰਦੇ। ਫੈਡਰੇਸ਼ਨ ਵਲੋਂ ਵਿਸ਼ਵ ਭਰ ਦੇ ਸਿੱਖਾਂ ਨੂੰ ਅਪੀਲ ਕੀਤੀ ਗਈ ਕਿ ਏਜੰਸੀਆਂ ਵਲੋਂ ਚਲਾਏ ਜਾ ਰਹੇ ਖਾਲਿਸਤਾਨੀ ਸੰਘਰਸ਼ ਨੂੰ ਢਾਹ ਲਾਉਣ ਵਾਲੇ ਝੂਠੇ ਪ੍ਰਚਾਰ ਤੋਂ ਸੁਚੇਤ ਰਹਿਣ।

### ਅਕਾਲੀ ਆਗੂ ਕਰਨੈਲ ਸਿੰਘ ਪੀਰਮੁਹੰਮਦ ਨਿਊਜ਼ੀਲੈਂਡ ਪਹੁੰਚੇ

# ਔਕਲੈਂਡ ਏਅਰਪੋਰਟ 'ਤੇ ਨਿੱਘਾ ਸਵਾਗਤ






**ਔਕਲੈਂਡ, ਨਿਊਜ਼ੀਲੈਂਡ, 17 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸ੍ਰ ਕਰਨੈਲ ਸਿੰਘ ਪੀਰਮੁਹੰਮਦ ਸਰਪ੍ਰਸਤ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਔਕਲੈਂਡ ਨਿਊਜੀਲੈਂਡ ਏਅਰਪੋਰਟ ਤੇ ਨਿੱਘਾ ਸਵਾਗਤ ਕੀਤਾ ਗਿਆ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਾਬਕਾ ਆਗੂ ਭਾਈ ਅਵਤਾਰ ਸਿੰਘ ਕਿਸ਼ਨਪੁਰਾ , ਸ੍ ਫਤਿਹ ਸਿੰਘ, ਅਮਰ ਸਿੰਘ, ਮੁਹਬੱਤ ਸਿੰਘ, ਸ੍ ਮਨਪ੍ਰੀਤ ਸਿੰਘ, ਸ੍ ਰਣਯੋਧ ਸਿੰਘ, ਸ੍ ਜੱਗੀ ਸਿੰਘ, ਸ੍ ਜਗਰੂਪ ਸਿੰਘ ਸਿੱਧੂ ਨੇ ਜੀ ਆਇਆ ਆਖਿਆ। ਸ੍ਰ ਕਰਨੈਲ ਸਿੰਘ ਪੀਰਮੁਹੰਮਦ ਔਕਲੈਂਡ ਵਿਖੇ ਨਿਊਜੀਲੈਂਡ ਸਿੱਖ ਸੁਪਰੀਮ ਕੌਂਸਲ ਦੇ ਪ੍ਰਮੁੱਖ ਆਗੂ ਭਾਈ ਦਲਜੀਤ ਸਿੰਘ ਨਿਊਜੀਲੈਂਡ ਦੇ ਬੇਟੇ ਦੀ ਵਿਆਹ ਕਾਰਜ ਵਿੱਚ ਸਾਮਲ ਹੋਣ ਲਈ ਚੰਡੀਗੜ੍ਹ ਤੋ ਵਿਸੇਸ਼ ਤੌਰ ਤੇ ਪਹੁੰਚੇ ਹਨ ।ਸ੍ਰ ਕਰਨੈਲ ਸਿੰਘ ਪੀਰਮੁਹੰਮਦ ਨੇ ਪੱਤਰਕਾਰਾ ਨਾਲ ਗੱਲਬਾਤ ਕਰਦਿਆ ਕਿਹਾ ਕਿ ਉਹ ਇਥੇ ਅਕਾਲੀ ਅਤੇ ਫੈਡਰੇਸ਼ਨ ਆਗੂਆ ਤੋ ਇਲਾਵਾ ਸਥਾਨਕ ਸਿੱਖ ਅਤੇ ਪੰਜਾਬੀ ਭਾਈਚਾਰੇ ਦੇ ਨੁਮਾਇੰਦਿਆ ਨਾਲ ਵੀ ਮੁਲਾਕਾਤ ਕਰਨਗੇ ਉਹਨਾਂ ਕਿਹਾ ਕਿ ਅਸਟ੍ਰੇਲੀਆ ਅਤੇ ਨਿਊਜੀਲੈਂਡ ਵਿਖੇ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਮੁਹਿੰਮ ਆਨਲਾਈਨ ਮੈਂਬਰਸਿਪ ਕਰਵਾਉਣ ਲਈ ਵੀ ਉਹ ਤੱਤਪਰ ਹਨ ।ਸ੍ਰ ਕਰਨੈਲ ਸਿੰਘ ਪੀਰਮੁਹੰਮਦ ਨੇ ਕਿਹਾ ਕਿ ਦੋਹਾ ਦੇਸਾ ਅੰਦਰ ਸਿੱਖ ਕੌਮ ਹਰ ਖੇਤਰ ਵਿੱਚ ਬੁਲੰਦੀਆ ਹਾਸਿਲ ਕਰ ਰਹੀ ਹੈ । ਉਹਨਾਂ ਦੱਸਿਆ ਕਿ ਉਹ ਇਸ ਗੱਲ ਤੋ ਬੇਹੱਦ ਪ੍ਰਭਾਵਿਤ ਹੋਏ ਹਨ ਕਿ ਗੁਰੂ ਘਰਾ ਵਿੱਚ ਸੰਗਤਾ ਦੀ ਚਹਿਲ ਪਹਿਲ ਸਾਡੀ ਨੌਜਵਾਨ ਪੀੜੀ ਨੂੰ ਬੇਹੱਦ ਉਤਸ਼ਾਹਿਤ ਕਰ ਰਹੀ ਹੈ ਤੇ ਸਿੱਖ ਜੁਆਨੀ ਅੰਦਰ ਸਿੱਖ ਕੌਮ ਦਾ ਇਤਿਹਾਸ ਵਾਚਣ ਵਿੱਚ ਦਿਲਚਸਪੀ ਵੱਧ ਰਹੀ ਹੈ।

### ਗੁਰੂ ਗੋਬਿੰਦ ਸਿੰਘ ਰਿਫਾਇਨਰੀ ਤੋਂ ਐਚਪੀਸੀਐਲ ਬਠਿੰਡਾ ਡਿੱਪੂ ਨੂੰ ਜਾਣ ਵਾਲੀ

# ਪਾਈਪ ਲਾਈਨ ਵਿੱਚੋਂ ਤੇਲ ਚੋਰੀ







**ਤਲਵੰਡੀ ਸਾਬੋ, 17 ਜੁਲਾਈ (ਗੁਰਜੰਟ ਸਿੰਘ ਨਥੇਹਾ)**- ਗੁਰੂ ਗੋਬਿੰਦ ਸਿੰਘ ਰਿਫਾਇਨਰੀ ਤੋਂ ਬਠਿੰਡਾ ਐਚਪੀਸੀਐਲ ਤੇਲ ਡਿੱਪੂ ਨੂੰ ਜਾਣ ਵਾਲੀ ਜ਼ਮੀਨਦੋਜ਼ ਤੇਲ ਪਾਈਪ ਲਾਈਨ ਨੂੰ ਨੁਕਸਾਨ ਪਹੁਚਾਉਣ ਕੇ ਤੇਲ ਚੋਰੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਅਨੁਸਾਰ ਫੁਲੋਖਾਰੀ ਰੋਡ ਸਥਿਤ ਐਚਪੀਸੀਐਲ ਗੈਸ ਪਲਾਂਟ ਦੇ ਨਾਲ ਲੱਗਦੀ ਪਾਰਕਿੰਗ ਦੇ ਨੇੜੇ ਖੇਤਾਂ ਵਿਚ ਦੀ ਲੰਗਦੀ ਤੇਲ ਪਾਈਪ ਲਾਈਨ ਵਿੱਚੋਂ ਅਣਪਛਾਤੇ ਵਿਅਕਤੀਆਂ ਵੱਲੋਂ ਸੁਰਾਖ ਕਰਕੇ ਤੇਲ ਚੋਰੀ ਕੀਤਾ ਜਾ ਰਿਹਾ ਸੀ ਜਿਸਦਾ ਪਤਾ ਲੱਗਣ ਤੋਂ ਬਾਅਦ ਅਧਿਕਾਰੀਆਂ ਵਲੋਂ ਪਾਈਪ ਲਾਈਨ ਵਿੱਚ ਕੀਤੇ ਸੁਰਾਖ ਨੂੰ ਬੰਦ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਮਿਲੀ ਜਾਣਕਾਰੀ ਅਨੁਸਾਰ ਰਿਫਾਇਨਰੀ ਨੂੰ ਆਉਣ ਵਾਲੇ ਕੱਚੇ ਤੇਲ ਲਈ ਪਾਈ ਗਈ ਪਾਈਪ ਲਾਈਨ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਗੁਰੂ ਗੋਬਿੰਦ ਸਿੰਘ ਰਿਫਾਇਨਰੀ ਹੈ ਅਤੇ ਰਿਫਾਇਨਰੀ ਵਿੱਚੋਂ ਪਾਈਪ ਲਾਈਨ ਰਾਹੀਂ ਜਾਣ ਵਾਲੀ ਗੈਸ ਅਤੇ ਤੇਲ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਐਚਪੀਸੀਐਲ ਕਰ ਰਹੀ ਹੈ। ਅੱਜ ਐਚਪੀਸੀਐਲ ਦੇ ਸਕਿਓਰਟੀ ਗਾਰਡ ਨੂੰ ਜਦੋਂ ਹੀ ਇਸਦਾ ਪਤਾ ਲੱਗਿਆ ਤਾਂ ਉਸ ਵਲੋਂ ਇਸਦੀ ਸੂਚਨਾ ਐਚਪੀਸੀਐਲ ਅਧਿਕਾਰੀਆਂ ਨੂੰ ਦਿੱਤੀ ਗਈ ਜਿਸ ਤੋਂ ਬਾਅਦ ਅਧਿਕਾਰੀਆਂ ਵਲੋਂ ਪਾਈਪ ਲਾਈਨ ਨੂੰ ਠੀਕ ਕੀਤਾ ਗਿਆ। ਉਥੇ ਹੀ ਜਦੋਂ ਇਸ ਘਟਨਾ ਬਾਰੇ ਪੁਲਿਸ ਨੂੰ ਸੂਚਨਾ ਮਿਲੀ ਤਾਂ ਪੁਲਿਸ ਟੀਮ ਨੇ ਵੀ ਮੌਕੇ 'ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ। ਇਸ ਘਟਨਾ ਬਾਰੇ ਜਦੋਂ ਨੇੜੇ ਰਹਿੰਦੇ ਲੋਕਾਂ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਦੱਸਿਆ ਕਿ ਇਸ ਸਾਜ਼ਿਸ਼ ਵਿੱਚ ਕਿਸੇ ਵੱਡੇ ਵਿਅਕਤੀ ਦਾ ਹੱਥ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿਉਂਕਿ ਅੰਦਰੂਨੀ ਵਿਅਕਤੀ ਦੀ ਮਦਦ ਤੋਂ ਬਿਨਾ ਤੇਲ ਪਾਈਪ ਲਾਈਨ ਨਾਲ ਛੇੜਛਾੜ ਸੰਭਵ ਨਹੀਂ।ਸਥਾਨਕ ਲੋਕਾਂ ਨੇ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ।

# ਸਿਵਲ ਪ੍ਰਸ਼ਾਸਨ, ਸਿਹਤ ਵਿਭਾਗ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਕੀਤਾ ਜਾਵੇਗਾ ਰੈਪਿਡ ਰਿਸਪਾਂਸ ਟੀਮ ਦਾ ਇਕੱਠਾ

### "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਤਹਿਤ ਤਲਵੰਡੀ ਸਾਬੋ ਵਿਖੇ ਸਿਵਲ ਪ੍ਰਸ਼ਾਸਨ, ਸਿਹਤ ਵਿਭਾਗ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਸਾਂਝੇ ਤੌਰ 'ਤੇ ਕੀਤਾ ਜਾਵੇਗਾ ਰੈਪਿਡ ਰਿਸਪਾਂਸ ਟੀਮ ਦਾ ਗਠਨ



**ਤਲਵੰਡੀ ਸਾਬੋ, 17 ਜੁਲਾਈ (ਗੁਰਜੰਟ ਸਿੰਘ ਨਥੇਹਾ)**- ਅੱਜ ਮਾਨਯੋਗ ਐੱਸਐੱਮਓ ਤਲਵੰਡੀ ਸਾਬੋ ਡਾ. ਰਵੀਕਾਂਤ ਗੁਪਤਾ ਵੱਲੋਂ ਪੰਜਾਬ ਸਰਕਾਰ ਦੁਆਰਾ ਚੱਲ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ, ਮਾਨਯੋਗ ਡੀਐੱਸਪੀ ਪੰਜਾਬ ਪੁਲੀਸ ਤਲਵੰਡੀ ਸਾਬੋ ਸ੍ਰੀ ਰਾਜੇਸ ਸਨੇਹੀ ਦੇ ਨਾਲ ਉਹਨਾਂ ਦਫਤਰ ਵਿਖੇ ਮੀਟਿੰਗ ਕੀਤੀ ਗਈ।ਇਸ ਮੀਟਿੰਗ ਦੇ ਵਿੱਚ ਦੋਵਾਂ ਬਲਾਕ ਪ੍ਰਤੀਨਿਧ ਅਫਸਰਾਂ ਦੇ ਵੱਲੋਂ ਬਲਾਕ ਦੇ ਵਿੱਚ ਚੱਲ ਰਹੇ ਨਸ਼ਿਆਂ ਦੇ ਦੌਰ ਨੂੰ ਠੱਲ੍ਹ ਪਾਉਣ ਵਾਲੇ ਵਿਚਾਰ ਵਟਾਂਦਰਾ ਕੀਤਾ ਗਿਆ।ਇਸ ਦੌਰਾਨ ਦੋਵਾਂ ਅਫਸਰ ਸਹਿਬਾਨਾਂ ਵੱਲੋਂ ਮੀਟਿੰਗ ਦੇ ਵਿੱਚ ਇਹ ਪ੍ਰਸਤਾਵ ਰੱਖਿਆ ਗਿਆ ਕਿ ਬਲਾਕ ਤਲਵੰਡੀ ਸਾਬੋ ਦੇ ਵਿੱਚ ਇੱਕ ਦਸ ਮੈਂਬਰੀ ਰੈਪਿਡ ਰਿਸਪਾਂਸ ਟੀਮ ਦਾ ਗਠਨ ਕੀਤਾ ਜਾਵੇਗਾ, ਜਿਸ ਦੇ ਵਿੱਚ ਵੱਖ-ਵੱਖ ਵਿਭਾਗਾਂ ਤੋਂ ਦਸ ਮੈਂਬਰ ਲਏ ਜਾਣਗੇ। ਇਸ ਮੀਟਿੰਗ ਦੇ ਵਿੱਚ ਕਮੇਟੀ ਦੇ ਚੇਅਰਮੈਨ ਵਜੋਂ ਮਾਨਯੋਗ ਐੱਸਡੀਐੱਮ ਤਲਵੰਡੀ ਸਾਬੋ ਨੂੰ ਲਗਾਉਣ ਦਾ ਪ੍ਰਸਤਾਵ ਵੀ ਰੱਖਿਆ ਗਿਆ। ਅਗਲੇ ਕੁੱਝ ਦਿਨਾਂ ਵਿੱਚ ਮਾਨਯੋਗ ਐੱਸਡੀਐੱਮ ਸਾਹਿਬ ਦੀ ਅਗਵਾਈ ਹੇਠ ਬਨਣ ਵਾਲੀ ਰੈਪਿਡ ਰਿਸਪਾਂਸ ਟੀਮ ਦੇ ਕੰਮ ਬਾਰੇ ਮਾਨਯੋਗ ਡਿਪਟੀ ਕਮਿਸ਼ਨਰ ਜ਼ਿਲਾ ਬਠਿੰਡਾ ਤੋਂ ਆਗਿਆ ਲੈਣ ਤੋਂ ਟੀਮ ਦੇ ਵੱਲੋਂ ਗਰਾਂਊਡ ਲੈਵਲ ਦੇ ਉੱਪਰ ਨਸ਼ਿਆਂ ਨੂੰ ਠੱਲ ਪਾਉਣ ਦੇ ਲਈ ਵੱਡੇ ਪੱਧਰ ਦੇ ਉੱਪਰ ਮੁਹਿੰਮ ਸ਼ੁਰੂ ਕੀਤੀ ਜਾਵੇਗੀ।ਇਸ ਆਰ.ਆਰ.ਟੀ ਟੀਮ ਦਾ ਮੁੱਖ ਕੰਮ ਬਲਾਕ ਤਲਵੰਡੀ ਸਾਬੋ ਦੇ ਵਿੱਚ ਪਿੰਡਾਂ ਅਤੇ ਸ਼ਹਿਰਾਂ ਦੇ ਵਿੱਚ ਨਸ਼ੇ ਦੇ ਨਾਲ ਲਿਪਤ ਇਲਾਕਿਆਂ ਦੇ ਵਿੱਚ ਨਸ਼ਿਆਂ ਨੂੰ ਛੱਡਣ ਦੇ ਲਈ ਨੁੱਕੜ ਮੀਟਿੰਗਾਂ ਅਤੇ ਛੋਟੇ-ਛੋਟੇ ਸੈਮੀਨਾਰ ਵੀ ਕੀਤੇ ਜਾਣਗੇ। ਇਸ ਤੋਂ ਇਲਾਵਾ ਨਸ਼ਿਆਂ ਦੇ ਨਾਲ ਲਿਪਤ ਇਲਾਕਿਆਂ ਦੇ ਵਿੱਚ ਟੀਮ ਦੁਆਰਾ ਚੈਕਿੰਗ ਵੀ ਕੀਤੀ ਜਾਵੇਗੀ ਅਤੇ ਗੁਨਾਹਗਾਰਾਂ ਦੀ ਪਹਿਚਾਣ ਕਰਕੇ ਉਹਨਾਂ ਦੇ ਉੱਪਰ ਬਣਦੀ ਕਾਰਵਾਈ ਕੀਤੀ ਜਾਵੇਗੀ ਅਤੇ ਨਸ਼ੇ ਦੀ ਚੱਲ ਰਹੀ ਖੁੱਲੀ ਚੇਨ ਨੂੰ ਤੋੜਿਆ ਜਾਵੇਗਾ, ਨਾਲ ਹੀ ਇਸ ਟੀਮ ਦੁਆਰਾ ਬਲਾਕ ਦੇ ਅੰਦਰ ਪੈਂਦੇ ਪਿੰਡਾਂ ਅਤੇ ਸ਼ਹਿਰਾਂ ਦੇ ਮੈਡੀਕਲ ਦੁਕਾਨਾਂ ਦੀ ਚੈਕਿੰਗ ਵੀ ਕੀਤੀ ਜਾਵੇਗੀ। ਚੈਕਿੰਗ ਦੌਰਾਨ ਮੈਡੀਕਲ ਦੁਕਾਨਾਂ ਉੱਪਰ ਨਸ਼ਿਆਂ ਦੀ ਗੋਲੀਆਂ ਜਾਂ ਹੋਰ ਮੈਡੀਕਲੀ ਨਸ਼ਾ ਪਾਇਆ ਗਿਆ ਤਾਂ ਇਹਨਾਂ ਵਿਰੁੱਧ ਵੀ ਬਣਦੀ ਕਾਰਵਾਈ ਜਾਵੇਗੀ।ਇਸ ਦੌਰਾਨ ਮਾਨਯੋਗ ਐੱਸਐੱਮਓ ਡਾ. ਰਵੀਕਾਂਤ ਗੁਪਤਾ ਅਤੇ ਮਾਨਯੋਗ ਡੀਐੱਸਪੀ ਸ੍ਰੀ ਰਾਜੇਸ ਸਨੇਹੀ ਦੁਆਰਾ ਮੀਟਿੰਗ ਦੇ ਇਹਨਾਂ ਸਾਰਿਆਂ ਪਹਿਲੂਆਂ ਉੱਪਰ ਵਿਚਾਰ ਚਰਚਾ ਕਰਨ ਤੋਂ ਬਾਅਦ ਆਰ.ਆਰ.ਟੀ ਟੀਮ ਸੰਬਧੀ ਅਗਲੀ ਕਾਰਵਾਈ ਦੇ ਲਈ ਅਤੇ ਜਲਦ ਹੀ ਮਾਨਯੋਗ ਐੱਸ.ਡੀ.ਐੱਮ ਸਾਹਿਬ ਤਲਵੰਡੀ ਦੀ ਪ੍ਰਧਾਨਗੀ ਹੇਠ ਮੀਟਿੰਗ ਕਰਕੇ ਟੀਮ ਨੂੰ ਗਰਾਂਊਂਡ ਲੈਵਲ ਤੇ ਛੇਤੀ ਹੀ ਲਿਆਉਣ ਦਾ ਨਿਸਚੇ ਕੀਤਾ ਗਿਆ। ਇਸ ਮੀਟਿੰਗ ਦੇ ਵਿੱਚ ਪੁਲਿਸ ਪ੍ਰਸ਼ਾਸਨ ਅਤੇ ਸਿਹਤ ਵਿਭਾਗ ਦੇ ਕਰਮਚਾਰੀ ਅਤੇ ਅਧਿਕਾਰੀ ਸ਼ਾਮਿਲ ਸਨ।

# ਸ਼ੇਖਰ ਤਲਵੰਡੀ ਦਾ ਪਲੇਠਾ ਗੀਤ ਸੰਗ੍ਰਹਿ "ਫੁੱਲਾਂ ਵਰਗੇ ਖ਼ਤ" 20 ਜੁਲਾਈ ਨੂੰ ਲੋਕ ਅਰਪਣ

### ਸਿੱਧੂ ਦਮਦਮੀ ਸਮਾਗਮ ਦੀ ਪ੍ਰਧਾਨਗੀ ਕਰਨਗੇ



**ਤਲਵੰਡੀ ਸਾਬੋ, 17 ਜੁਲਾਈ (ਗੁਰਜੰਟ ਸਿੰਘ ਨਥੇਹਾ)**-ਗੁਰੂ ਕੀ ਕਾਸ਼ੀ ਦਾ ਵਰ ਪ੍ਰਾਪਤ ਤਲਵੰਡੀ ਸਾਬੋ ਦੀ ਧਰਤੀ ਦੇ ਜੰਮਪਲ ਅਧਿਆਪਕ ਆਗੂ ਅਤੇ ਲੇਖਕ ਸ਼ੇਖਰ ਤਲਵੰਡੀ ਵੱਲੋਂ ਪਾਠਕਾਂ ਨੂੰ ਪੁਸਤਕ ਸੱਭਿਆਚਾਰ ਨਾਲ ਜੋੜਨ ਦੇ ਉਪਰਾਲੇ ਵੱਜੋਂ ਉਨ੍ਹਾਂ ਦਾ ਪਲੇਠਾ ਗੀਤ ਸੰਗ੍ਰਹਿ "ਫੁੱਲਾਂ ਵਰਗੇ ਖ਼ਤ" 20 ਜੁਲਾਈ ਦਿਨ ਐਤਵਾਰ ਨੂੰ ਸੈਮੀਨਾਰ ਹਾਲ, ਯਾਦਵਿੰਦਰਾ ਇੰਜੀਨੀਅਰਿੰਗ ਵਿਭਾਗ, ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਤਲਵੰਡੀ ਸਾਬੋ ਵਿਖੇ ਲੋਕ ਅਰਪਣ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆ ਸ਼ੇਖਰ ਤਲਵੰਡੀ ਨੇ ਦੱਸਿਆ ਕਿ ਸ੍ਰੀ ਦਮਦਮਾ ਸਾਹਿਬ ਸਹਿਤ ਸਭਾ (ਰਜਿ.) ਤਲਵੰਡੀ ਸਾਬੋ ਦੀ ਰਹਿਨੁਮਾਈ ਹੇਠ ਕਰਵਾਏ ਜਾ ਰਹੇ ਇਸ ਸਮਾਗਮ ਦੀ ਪ੍ਰਧਾਨਗੀ ਪੰਜਾਬੀ ਟ੍ਰਿਬਿਊਨ ਦੇ ਸਾਬਕਾ ਸੰਪਾਦਕ ਸਿੱਧੂ ਦਮਦਮੀ ਕਰਨਗੇ। ਪ੍ਰੋ. (ਡਾ.) ਬੂਟਾ ਸਿੰਘ ਸਿੱਧੂ ਸਾਬਕਾ ਵਾਈਸ ਚਾਂਸਲਰ ਐਮਆਰਐਸ ਪੀਟੀਯੂ ਬਠਿੰਡਾ ਬਤੌਰ ਮੁੱਖ ਮਹਿਮਾਨ ਅਤੇ ਪ੍ਰੋ. (ਡਾ.) ਕਮਲਜੀਤ ਸਿੰਘ ਡਾਇਰੈਕਟਰ ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਬਤੌਰ ਵਿਸ਼ੇਸ਼ ਮਹਿਮਾਨ ਸ਼ਾਮਿਲ ਹੋਣਗੇ। ਉਕਤ ਪੁਸਤਕ ਸੰਬੰਧੀ ਪਰਚਾ ਪ੍ਰੋ. (ਡਾ.) ਸੰਦੀਪ ਰਾਣਾ ਮੁਖੀ ਗੁਰੂ ਕਾਸ਼ੀ ਕੈਂਪਸ ਭਾਸ਼ਾਵਾਂ ਵਿਭਾਗ, ਪੜ੍ਹਨਗੇ। ਪੰਜਾਬੀ ਗਾਇਕ ਟਾਈਗਰ ਮਹਿਮਾਨ ਕਲਾਕਾਰ ਵਜੋਂ ਸ਼ਾਮਲ ਹੋਣਗੇ ।ਸਮਾਗਮ ਦੌਰਾਨ ਪ੍ਰਸਿੱਧ ਗੀਤਕਾਰ ਭਿੰਦਰ ਡੱਬਵਾਲੀ, ਮਨਪ੍ਰੀਤ ਟਿਵਾਣਾ ਅਤੇ ਪ੍ਰੋ. (ਡਾ.) ਸੁਸ਼ੀਲ ਕੁਮਾਰ ਬੁਲਾਰਿਆਂ ਵੱਜੋਂ ਸ਼ਾਮਿਲ ਹੋਣਗੇ। ਇਸ ਮੌਕੇ ਉਕਤ ਕਿਤਾਬ ਦੇ ਲੇਖਕ ਸ਼ੇਖਰ ਤਲਵੰਡੀ ਵੱਲੋਂ ਸਮੂਹ ਸਾਹਿਤਕ ਸਭਾਵਾਂ ਦੇ ਮੈਂਬਰਾਂ ਅਤੇ ਪਾਠਕਾਂ ਨੂੰ ਸਮਾਗਮ ਵਿੱਚ ਪਹੁੰਚਣ ਦੀ ਬੇਨਤੀ ਕੀਤੀ ਗਈ ਹੈ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਵਿਖੇ

# ਸਾਵਣ ਮਹੀਨੇ ਦੀ ਸੰਗਰਾਂਦ ਦਾ ਪਵਿੱਤਰ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ









**ਫ਼ਿਰੋਜ਼ਪੁਰ, 17 ਜੁਲਾਈ (ਮਨੋਹਰ ਲਾਲ) :—** ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਵਿਖੇ ਸਾਵਣ ਮਹੀਨੇ ਦੀ ਸੰਗਰਾਂਦ ਦਾ ਪਵਿੱਤਰ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਅਤੇ ਨਾਲ ਹੀ ਬਾਬਾ ਅਮਰ ਸਿੰਘ ਕੀਰਤੀ ਦੀ ਬਰਸੀ ਸ਼ਰਧਾ ਭਾਵਨਾ ਨਾਲ ਮਨਾਈ ਗਈ। ਇਸ ਮੌਕੇ ਤੇ ਸਭ ਤੋਂ ਪਹਿਲਾਂ 2 ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਭੋਗ ਉਪਰੰਤ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਰਾਗੀ, ਢਾਡੀ ਜਥਿਆਂ ਨੇ ਆਪਣੀ ਮਧੁਰ ਬਾਣੀ ਨਾਲ ਸੰਗਤਾਂ ਨੂੰ ਗੁਰੂ ਜ਼ਸ ਸੁਣਾ ਕੇ ਨਿਹਾਲ ਕੀਤਾ। ਇਸ ਮੌਕੇ ਭਾਈ ਗੁਰਮੇਲ ਸਿੰਘ ਅਰਜਨ, ਭਾਈ ਹਰਨਾਮ ਸਿੰਘ, ਭਾਈ ਗੁਰਬਖਸ਼ ਸਿੰਘ ਚੰਨ, ਭਾਈ ਸੁਖਦੇਵ ਸਿੰਘ ਸੁਖਾ, ਭਾਈ ਸਰਬਜੀਤ ਸਿੰਘ ਗੁਰਦੁਆਰਾ ਬਜੀਦਪੁਰ ਸਾਹਿਬ, ਭਾਈ ਰਮਨਦੀਪ ਸਿੰਘ, ਭਾਈ ਬੱਬੂ ਸਿੰਘ, ਢਾਡੀ ਜਥਾ ਭਾਈ ਬੋਹੜ ਸਿੰਘ ਬਾਰੇਕੇ ਨੇ ਕਥਾ ਕੀਰਤਨ, ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਗੁਰੂ ਇਤਿਹਾਸ ਸੁਣਾ ਕੇ ਨਿਹਾਲ ਕੀਤਾ। ਇਸ ਮੌਕੇ ਤੇ ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਦੇ ਮੁੱਖ ਸੇਵਾਦਾਰ ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਨੇ ਕਥਾ ਕਰਦਿਆਂ ਆਖਿਆ ਕਿ ਅੱਜ ਅਸੀਂ ਸੰਗਰਾਂਦ ਦਾ ਦਿਹਾੜਾ ਮਨਾ ਰਹੇ ਹਾਂ, ਨਾਲ ਹੀ ਉਨ੍ਹਾਂ ਮਹਾਂਪੁਰਖਾਂ ਦੀ ਬਰਸੀ ਦਾ ਦਿਹਾੜਾ ਮਨਾ ਰਹੇ ਹਾਂ, ਜਿਨ੍ਹਾਂ ਸਾਰੀ ਉਮਰ ਛੋਟੇ—ਛੋਟੇ ਬੱਚਿਆਂ ਨੂੰ ਗੁਰਬਾਣੀ ਦੀ ਸੰਧਿਆ ਦੇ ਵੱਡੇ—ਵੱਡੇ ਵਿਦਵਾਨ, ਬੁੱਧੀਜੀਵੀ ਬਨਾਇਆ, ਜਿਨ੍ਹਾਂ ਨੇ ਸਾਨੂੰ ਭਾਈ ਨਿਰਵੈਰ ਸਿੰਘ ਜੀ ਉਸਤਾਦ ਦਿੱਤਾ, ਜ਼ੋ ਸਾਡੇ ਅਸਥਾਨ ਤੇ ਸਾਰੀ ਉਮਰ ਬੱਚਿਆਂ ਨੂੰ ਗੁਰਬਾਣੀ ਨੂੰ ਸੰਧਿਆ ਦੇ ਰਹੇ ਹਨ, ਜਿਨ੍ਹਾਂ ਨੇ ਹਜ਼ਾਰਾਂ ਬੱਚੇ ਸਿੱਖਾਂ ਦੇ ਉਹ ਆਪਣੀ ਰੋਜੀ ਰੋਟੀ ਕਮਾ ਰਹੇ ਹਨ ਅਤੇ ਕੁਝ ਬੱਚੇ ਗੁਰਬਾਣੀ ਸਿੱਖ ਕੇ ਬਾਹਰ ਚਲੇ ਗਏ ਹਨ। ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਅੱਗੇ ਕਿਹਾ ਕਿ ਮਨੁੱਖ ਬਾਰ—ਬਾਰ ਕਰਮਾਂ ਨੂੰ ਦੋਸ਼ ਦਿੰਦਾ ਹੈ, ਜਦੋਂ ਕੋਈ ਸਿਰੇ ਨਹੀਂ ਚੜਦਾ, ਅਸੀਂ ਕਰਮਾਂ ਨੂੰ ਦੋਸ਼ ਦਿੰਦੇ ਹਾਂ। ਬਾਬਾ ਜੀ ਨੇ ਅੱਗੇ ਕਿਹਾ ਕਿ ਕਰਮ ਤੁਹਾਡੇ ਵੱਸ ਵਿਚ ਹਨ, ਜਦੋਂ ਮਨੁੱਖ ਵੱਧ ਤੋਂ ਵੱਧ ਗੁਰੂ ਲੜ ਲੱਗਦਾ ਹੈ, ਵੱਧ ਤੋਂ ਵੱਧ ਗੁਰੂ ਘਰ ਜਾਂਦਾ ਹੈ, ਵੱਧ ਤੋਂ ਵੱਧ ਸਤਸੰਗ ਸੁਣਦਾ ਹੈ, ਹੋਲੀ—ਹੋਲੀ ਉਸ ਦੇ ਪਾਪ ਘੱਟ ਜਾਂਦੇ ਹਨ ਅਤੇ ਪੁੰਨ ਵੱਧ ਜਾਂਦੇ ਹਨ, ਜ਼ੋ ਕਿ ਚੰਗੇ ਕਰਮਾਂ ਦੀ ਨਿਸ਼ਾਨੀ ਹਨ। ਇਸ ਲਈ ਸਾਨੂੰ ਵੱਧ ਤੋਂ ਵੱਧ ਨਾਮ ਸਿਮਰਨ ਕਰਨਾ ਚਾਹੀਦਾ ਹੈ, ਨਾਮ ਜਪਣ ਨਾਲ ਤੁਹਾਡੇ ਸਾਰੇ ਦੁੱਖ ਦੂਰ ਹੁੰਦੇ ਹਨ। ਬਾਬਾ ਜੀ ਨੇ ਅੱਗੇ ਕਿਹਾ ਕਿ 18 ਜੁਲਾਈ ਨੂੰ ਮਹਾਂ ਸੰਪਟ ਰੱਖੇ ਜਾਣਗੇ ਅਤੇ ਪੂਰਨਮਾਸ਼ੀ ਤੇ ਦੋ ਦਿਨ ਪਹਿਲਾਂ ਮਹਾਂ ਸੰਪਟ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਇਸ ਮੌਕੇ ਤੇ ਬਾਬਾ ਜੀ ਦੇ ਸੇਵਾਦਾਰ ਭਾਈ ਲੱਖਾ ਸਿੰਘ, ਭਾਈ ਜ਼ਸਵੀਰ ਸਿੰਘ ਜ਼ਸੂ ਨੇ ਸੰਗਤਾਂ ਦੀ ਹੱਥੀਂ ਸੇਵਾ ਕੀਤੀ। ਇਸ ਮੌਕੇ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

### ਟੀ.ਬੀ.ਐਸ ਇੰਟਰਨੈਸ਼ਨਲ ਸਕੂਲ ਨੇ

# ਏਕ ਪੇੜ ਮਾਂ ਕੇ ਨਾਮ ਤਹਿਤ ਲਗਾਏ ਬੂਟੇ



ਫ਼ਿਰੋਜ਼ਪੁਰ, 17 ਜੁਲਾਈ (ਮਨੋਹਰ ਲਾਲ) :— ਟੀ.ਬੀ.ਐਸ ਇੰਟਰਨੈਸ਼ਨਲ ਸਕੂਲ ਨੇ ਏਕ ਪੇੜ ਮਾਂ ਕੇ ਨਾਮ ਤਹਿਤ ਸ਼ੁਰੂ ਕੀਤੀ ਪੌਦਾ ਲਗਾਉ ਮੁਹਿੰਮ। ਇਸ ਸਬੰਧੀ ਜਾਣਕਾਰੀ ਦਿੰਦਿਆਂ ਚੇਅਰਮੈਨ ਡਾ: ਹੀਰਾਲਾਲ ਸ਼ਰਮਾ, ਵਾਈਸ ਚੇਅਰਮੈਨ ਵਿਭੋਰ ਸ਼ਰਮਾ, ਜਨਰਲ ਸਕੱਤਰ ਸ਼ਿਵਮ ਸ਼ਰਮਾ ਅਤੇ ਮੈਨੇਜਿੰਗ ਡਾਇਰੈਕਟਰ ਦੀਪਾਲੀ ਸ਼ਰਮਾ ਨੇ ਦੱਸਿਆ ਕਿ ਸਕੂਲ ਵੱਲੋਂ ਬੱਚਿਆਂ ਨੂੰ ਪੜ੍ਹਾਈ ਦੇ ਨਾਲ—ਨਾਲ ਸਮਾਜਿਕ ਕਦਰਾਂ—ਕੀਮਤਾਂ ਦੇ ਹਾਣੀ ਬਣਾਉਣ ਲਈ ਯਤਨ ਕੀਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਸਕੂਲ ਦੇ ਈਕੋ ਕਲੱਬ ਨੇ ਵਾਤਾਵਰਣ ਦੀ ਰੱਖਿਆ ਲਈ ਹਰਿਆਲੀ ਮਿਸ਼ਨ ਤਹਿਤ ਏਕ ਪੇੜ ਮਾਂ ਕੇ ਨਾਮ ਮੁਹਿੰਮ ਨੂੰ ਉਤਸ਼ਾਹਿਤ ਕਰਨ ਲਈ ਇੱਕ ਸਾਰਥਕ ਯਤਨ ਕੀਤਾ। ਇਸ ਦੌਰਾਨ ਵਿਦਿਆਰਥੀਆਂ ਨੇ ਕਈ ਤਰ੍ਹਾਂ ਦੇ ਪੌਦੇ ਲਿਆਂਦੇ, ਇਹ ਪੌਦੇ ਵਿਦਿਆਰਥੀਆਂ ਨੇ ਬਹੁਤ ਉਤਸ਼ਾਹ ਨਾਲ ਲਗਾਏ। ਸਕੂਲ ਪ੍ਰਬੰਧਨ ਮੈਂਬਰ ਜਨਰਲ ਸਕੱਤਰ ਸ਼ਿਵਮ ਸ਼ਰਮਾ, ਮੈਨੇਜਿੰਗ ਡਾਇਰੈਕਟਰ ਦੀਪਾਲੀ ਸ਼ਰਮਾ ਅਤੇ ਸਕੂਲ ਪ੍ਰਿੰਸੀਪਲ ਰੇਖਾ ਪਾਸੀ ਨੇ ਵਿਦਿਆਰਥੀਆਂ ਦੇ ਇਨ੍ਹਾਂ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਬੱਚਿਆਂ ਨੂੰ ਪੌਦਿਆਂ ਦੀ ਦੇਖਭਾਲ ਕਰਨ ਅਤੇ ਵਾਤਾਵਰਣ ਸੁਰੱਖਿਆ ਵਿੱਚ ਯੋਗਦਾਨ ਪਾਉਣ ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ।

# ਸਤਿਆਪਾਲ ਮਲਿਕ ਦੀ ਸਿਹਤਯਾਬੀ ਲਈ ਦਰਬਾਰ ਸਾਹਿਬ ਵਿਖੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ



**ਫ਼ਿਰੋਜ਼ਪੁਰ, 17 ਜੁਲਾਈ (ਮਨੋਹਰ ਲਾਲ) :—**ਸਾਬਕਾ ਗਵਰਨਰ ਸਤਿਆਪਾਲ ਮਲਿਕ ਜੋ ਕਾਫੀ ਸਮੇਂ ਤੋਂ ਬਿਮਾਰ ਚਲੇ ਆ ਰਹੇ ਹਨ ਅਤੇ ਦਿੱਲੀ ਦੇ ਰਾਮ ਮਨੋਹਰ ਲੋਹੀਆ ਹਸਪਤਾਲ ਵਿੱਚ ਜੇਰੇ ਇਲਾਜ ਹਨ ਦੀ ਸਿਹਤਯਾਬੀ ਨੂੰ ਲੈ ਕੇ ਅੱਜ ਦੁਖਭੰਜਨੀ ਬੇਰ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਅਖੰਡ ਪਾਠ ਸਾਹਿਬ ਦੇ ਭੋਗ ਪਏ ਅਤੇ ਉਨ੍ਹਾਂ ਦੀ ਤੰਦਰੁਸਤੀ ਦੀ ਅਰਦਾਸ ਕੀਤੀ ਗਈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਮਿਸਲ ਸਤਲੁਜ਼ ਦੇ ਦਵਿੰਦਰ ਸਿੰਘ ਸੇਖੋਂ ਨੇ ਦੱਸਿਆ ਕਿ ਸ: ਹਰਦੀਪ ਸਿੰਘ ਡਿਬਡਿਬਾ ਦੀ ਅਗਵਾਈ ਵਿੱਚ ਇਹ ਚਾਰਾਜੋਈ ਮਿਸਲ ਸਤਲੁਜ, ਨੌਜਵਾਨ ਕਿਸਾਨ ਮਜ਼ਦੂਰ ਯੂਨੀਅਨ (ਸ਼ਹੀਦਾਂ) ਵੱਲੋਂ ਸਾਂਝੇ ਤੌਰ ਤੇ ਕੀਤੀ ਗਈ। ਇਸ ਮੌਕੇ ਤੇ ਹਰਦੀਪ ਸਿੰਘ ਡਿਬਡਿਬਾ ਨੇ ਕਿਹਾ ਕਿ ਮਲਿਕ ਸਾਬ ਨੇ ਕਿਸਾਨ ਅੰਦੋਲਨ ਵੇਲੇ ਜਿੱਥੇ ਕਿਸਾਨਾਂ ਦਾ ਪੱਖ ਪੂਰਿਆ ਉਥੇ ਉਨ੍ਹਾਂ ਲਾਲ ਕਿਲੇ ਉਪਰ ਨਿਸ਼ਾਨ ਸਾਹਿਬ ਝੁਲਾਉਣ ਦਾ ਡਟਕੇ ਸਾਥ ਦਿੱਤਾ। ਉਨ੍ਹਾਂ ਕਿਹਾ ਕਿ ਸਿੱਖਾਂ ਦੇ ਨੌਵੇਂ ਗੁਰੂ ਤੇਗ ਬਹਾਦਰ ਸਾਹਿਬ ਨੇ ਲਾਲ ਕਿਲੇ ਤੇ ਸ਼ਹਾਦਤ ਦਿੱਤੀ, ਸੋ ਸਿੱਖ ਲਾਲ ਕਿਲੇ ਤੇ ਨਿਸ਼ਾਨ ਸਾਹਿਬ ਝੁਲਾਉਣ ਦਾ ਪੱਕਾ ਹੱਕ ਰੱਖਦੇ ਹਨ। ਮਿਸਲ ਸਤਲੁਜ ਤੋਂ ਦਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਮਲਿਕ ਸਾਬ ਦਲੇਰ ਇੰਨਸਾਨ ਹਨ ਜੋ ਲੋੜ ਪੈਣ ਤੇ ਸਿੱਖਾਂ ਨਾਲ ਡਟਕੇ ਖੜੇ ਅਤੇ ਸਿੱਖ ਕੌਮ ਦਾ ਫਰਜ਼ ਸਮਝਦੇ ਹੋਏ ਇਹ ਅਖੰਡ ਪਾਠ ਸਾਹਿਬ ਕਰਵਾਏ ਗਏ ਹਨ। ਇਸ ਮੌਕੇ ਕਿਸਾਨ ਜਥੇਬੰਦੀ ਸ਼ਹੀਦਾਂ ਤੋਂ ਗੁਰਦੀਪ ਸਿੰਘ ਹੋਰਾਂ ਨੇ ਕਿਹਾ ਕਿ ਗੁਰੂ ਸਾਹਿਬ ਕਿਰਪਾ ਕਰਨ ਅਤੇ ਮਲਿਕ ਸਾਬ ਜਲਦ ਤੰਦਰੁਸਤ ਹੋਣ। ਇਸ ਮੌਕੇ ਸੁਖਵਿੰਦਰ ਸਿੰਘ ਗਗਨ, ਸਰਬਜੀਤ ਸਿੰਘ, ਗੁਰਚੇਤ ਸਿੰਘ ਡੋਡ, ਜਸਵੀਰ ਸਿੰਘ, ਗੁਰਜੀਤ ਸਿੰਘ ਅਰਦਾਸ ਸਮਾਗਮ ਵਿਚ ਹਾਜ਼ਰ ਰਹੇ।

# ਪੰਜਾਬ ਵਿਚ ਵਿਦਿਆ ਸਿਸਟਮ ਤੋਂ ਮੰਤਰੀ ਕਮਾ ਰਿਹੈ ਕਰੋੜਾਂ : ਬੰਡਾਲਾ



ਫ਼ਿਰੋਜ਼ਪੁਰ, 17 ਜੁਲਾਈ (ਮਨੋਹਰ ਲਾਲ) :— ਦਮਦਮੀ ਟਕਸਾਲ ਜਥੇਦਾਰ ਨੇ ਪੰਥਕ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਪੰਜਾਬ ਵਿਚ ਪ੍ਰਾਈਵੇਟ ਸਕੂਲਾਂ ਦੀ ਲੁੱਟ ਨੂੰ ਠਲ ਪਾਉਣ ਲਈ ਕੋਈ ਉਪਰਾਲਾ ਕਰੋ, ਪਹਿਲੀ ਦੂਜੀ ਦੇ ਬੱਚੇ ਨੂੰ ਹਰ ਸਾਲ ਵੀਹ ਹਜ਼ਾਰ ਦਾਖਲਾ ਦੇਣਾ ਪੈਂਦਾ ਹੈ ਫਿਰ ਤਿੰਨ—ਚਾਰ ਹਜ਼ਾਰ ਤੋਂ ਘੱਟ ਕਿਸੇ ਦੀ ਫੀਸ ਨਹੀਂ, ਫਿਰ ਦਸ—ਦਸ ਹਜ਼ਾਰ ਦੀਆਂ ਕਿਤਾਬਾਂ ਸਕੂਲਾਂ ਵਾਲੇ ਖੁਦ ਦਿੰਦੇ ਹਨ। ਇਹ ਵਿਚਾਰ ਸਾਂਝੇ ਕਰਦਿਆਂ ਦਮਦਮੀ ਟਕਸਾਲ ਦੇ ਜਥੇਦਾਰ ਗੁਰਨਾਮ ਸਿੰਘ ਬੰਡਾਲਾ ਨੇ ਕਿਹਾ ਕਿ ਇਨ੍ਹਾਂ ਸਕੂਲਾਂ ਦੇ ਬਾਥਰੂਮ ਚੈਕ ਕਰੋ ਹਵਾਲਾਤਾਂ ਤੋਂ ਭੈੜੀ ਹਾਲਤ ਹੈ ਅਤੇ ਏਨ੍ਹੀ ਗੰਦੀ ਬਦਬੂ ਆ ਰਹੀ ਹੈ, ਜਿਸ ਨਾਲ ਬੱਚਿਆਂ ਨੂੰ ਗੰਭੀਰ ਬਿਮਾਰੀਆਂ ਲੱਗਣ ਦਾ ਡਰ ਬਣਿਆ ਰਹਿੰਦਾ ਹੈ। ਜਥੇਦਾਰ ਬੰਡਾਲਾ ਨੇ ਕਿਹਾ ਕਿ ਇਨ੍ਹਾਂ ਸਕੂਲਾਂ ਵਾਲਿਆਂ ਨੇ ਦਿਖਾਵੇ ਲਈ ਏ.ਸੀ ਲਗਾਏ ਹੋਏ ਹਨ, ਪਰ ਨਾ ਚੱਲਣ ਕਰਕੇ ਬੱਚਿਆਂ ਦਾ ਗਰਮੀ ਵਿਚ ਦੁੱਭਰ ਹਾਲ ਬਣਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਸਲੇਬਸ ਇਨ੍ਹਾਂ ਭਾਰਾ ਹੈ ਇਕ ਬੱਚਾ ਆਪਣਾ ਪੰਦਰਾਂ—ਵੀਹ ਕਿਲੋ ਬੈਗ ਲੈ ਕੇ ਚੱਲ ਨਹੀਂ ਸਕਦਾ ਸਕੂਲਾਂ ਵਿਚ ਪਰ ਦਿਨ ਇਕ ਦੋ ਕਿਤਾਬਾਂ ਟੀਚਰ ਮਸਾ ਵੇਖਦੇ ਹਨ ਪੜਾਉਦੇ ਵੀ ਨਹੀਂ ਘਰ ਕੰਮ ਕਰਨ ਲਈ ਦੇ ਦਿੰਦੇ ਹਨ, ਮਾਪੇ ਟਿਊਸ਼ਨ ਰੱਖ ਕੇ ਦੋਹਰਾ ਖਰਚਾ ਭਰਦੇ ਹਨ। ਜਥੇਦਾਰ ਬੰਡਾਲਾ ਨੇ ਕਿਹਾ ਕਿ ਬੱਚਿਆਂ ਨੂੰ ਭਾਰੇ ਬੈਗ ਚੁਕਣ ਤੋਂ ਕਿਹੜਾ ਮੰਤਰੀ ਬਚਾਵੇਗਾ ਹਰ ਇਕ ਪ੍ਰਾਈਵੇਟ ਸਕੂਲ ਨਾਲ ਮੰਤਰੀ ਦਾ ਮਹੀਨਾ ਚਲਦਾ ਸੁਧਾਰ ਕਿਸ ਨੇ ਕਰਨਾ। ਗੱਲਬਾਤ ਕਰਦਿਆਂ ਗੁਰਨਾਮ ਸਿੰਘ ਬੰਡਾਲਾ ਨੇ ਕਿਹਾ ਕਿ ਅਕਾਲੀ ਸਰਕਾਰ ਵੇਲੇ ਦਲਜੀਤ ਸਿੰਘ ਚੀਮਾ ਦਾ ਮਹਿਨਾ ਚਲਦਾ ਸੀ ਕੋਈ ਐਸੀ ਸਰਕਾਰ ਲੋਕ ਚਾਹੁੰਦੇ ਜੋ ਪ੍ਰਾਈਵੇਟ ਵਿਦਿਆ ਸਿਸਟਮ ਖਤਮ ਕਰਕੇ ਇਕੋ ਪ੍ਰਕਾਰ ਦੇ ਸਰਕਾਰੀ ਸਕੂਲ ਚਲਾਵੇ, ਇਕੋ ਸਲੇਬਸ ਹੋਵੇ, ਸਰਕਾਰੀ ਸਕੂਲਾਂ ਵਿੱਚ ਲੱਖ—ਲੱਖ ਟੀਚਰਾਂ ਦੀ ਤਨਖਾਹ ਹੈ, ਪੜਾਉਣ ਲਈ ਵੱਡੇ ਚੋਰ ਹਨ ਐਸੇ ਵਿਹਲੇ ਟੀਚਰਾਂ ਨੂੰ ਦਸ ਸਾਲ ਜੇਲ ਵਿਚ ਧੱਕਿਆ ਹੋਵੇ ਵੇਖਿਉ ਪੜਾਈ ਕਿਵੇ ਹੁੰਦੀ ਹੈ, ਪੜਾਈ ਆਦਾਰਾ ਮੰਤਰੀਆਂ ਨੇ ਅਪਨੇ ਘਰ ਭਰਨ ਲਈ ਵਾਪਾਰ ਧੰਦਾ ਬਣਾਇਆ ਹੈ।

# ਅਦਾਲਤ ਦੇ ਫੈਸਲੇ ਦੇ ਬਾਵਜੂਦ ਪੈਨਸ਼ਨਰਾਂ ਦਾ ਹੱਕ ਨਾ ਦੇਣ ਵਿਰੁੱਧ ਲਾਮਬੰਦ ਹੋਏ ਪੈਨਸ਼ਨਰਜ਼

**ਫ਼ਿਰੋਜ਼ਪੁਰ, 17 ਜੁਲਾਈ (ਮਨੋਹਰ ਲਾਲ) :—** ਪੈਨਸ਼ਨਰ ਐਸੋਸੀਏਸ਼ਨ ਵੱਲੋਂ ਮਾਣਯੋਗ ਅਦਾਲਤ ਦੇ ਹੁਕਮਾਂ ਅਤੇ ਸਰਕਾਰ ਦੇ ਨਿਰਦੇਸ਼ਾਂ ਦੇ ਬਾਵਜੂਦ ਐਕਸੀਅਨ ਸ਼ਹਿਰੀ ਮੰਡਲ ਫ਼ਿਰੋਜ਼ਪੁਰ ਵੱਲੋਂ ਪੈਨਸ਼ਨਰਾਂ ਦੇ ਹਿੱਤ ਵਿਚ ਨਿਰਣਾ ਨਾ ਲੈਣ ਦੇ ਦੋਸ਼ ਲਾਏ। ਇਸ ਸਬੰਧੀ ਉੱਚ ਅਧਿਕਾਰੀਆਂ ਨੂੰ ਭੇਜੇ ਪੱਤਰਾਂ ਦੀ ਕਾਪੀ ਦਿਖਾਉਂਦਿਆਂ ਪ੍ਰਧਾਨ ਸੁਰਿੰਦਰ ਸ਼ਰਮਾ ਨੇ ਕਿਹਾ ਕਿ ਕੋਰਟ ਕੇਸ ਦੇ ਫੈਸਲੇ ਅਨੁਸਾਰ ਅਤੇ ਪੰਜਾਬ ਸਰਕਾਰ ਦੇ ਕੀਤੇ ਫੈਸਲੇ ਨੂੰ ਬੀ.ਐ.ਡੀ ਤੋਂ ਪਾਸ ਕੀਤੇ ਫੈਸਲੇ ਨੂੰ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ: ਪਟਿਆਲਾ ਵੱਲੋਂ ਜਾਰੀ ਪੱਤਰ ਨੰਬਰ 532, 560, 576 ਜਾਰੀ ਹੋਣ ਦੇ ਬਾਵਜੂਦ ਵੀ ਪੈਨਸ਼ਨਰਾਂ ਦੇ ਪੇ ਸਕੇਲ ਅਤੇ ਲੀਵ ਇਨ—ਕੈਸ਼ਮੈਂਟ ਦਾ ਬਕਾਇਆ ਜ਼ੋ ਕਿ 1.1.2016 ਤੋਂ ਦੇਣਾ ਬਣਦਾ ਹੈ, ਨਹੀਂ ਦਿੱਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਰਿਟਾਇਰਡ ਸਾਥੀ ਸਾਰੀ ਉਮਰ ਨੌਕਰੀ ਕਰਨ ਤੋਂ ਬਾਅਦ ਰਿਟਾਇਰ ਹਨ, ਪਰ ਉਨ੍ਹਾਂ ਦੀ ਇਸ ਬੁਢਾਪੇ ਦੀ ਉਮਰ ਵਿਚ ਵੀ ਇਸ ਅਧਿਕਾਰੀ ਵੱਲੋਂ ਕੋਈ ਕੰਮ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਬਿਨ੍ਹਾਂ ਦੇਰੀ ਸਿਟੀ ਮੰਡਲ ਦੇ ਪੈਨਸ਼ਨਰਜ਼ ਦਾ ਬਕਾਇਆ ਜਾਰੀ ਕਰਵਾਇਆ ਜਾਵੇ ਅਤੇ ਉਪਰੋਕਤ ਅਧਿਕਾਰੀ ਜ਼ੋ ਕੋਰਟ ਦੇ ਫੈਸਲੇ ਅਤੇ ਪਾਵਰਕੌਮ ਤੋਂ ਆਏ ਨਿਰਦੇਸ਼ਾਂ ਨੂੰ ਲਾਗੂ ਨਹੀਂ ਕਰ ਰਿਹਾ ਵਿਰੁੱਧ ਮਹਿਮਾਨਾ ਤੌਰ ਤੇ ਕਾਰਵਾਈ ਕੀਤੀ ਜਾਵੇ ਤਾਂ ਜ਼ੋ ਸੇਵਾ ਮੁਕਤ ਸੀਨੀਅਰ ਸਿਟੀਜਨ ਨੂੰ ਇਨਸਾਫ ਮਿਲ ਸਕੇ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਸੰਤ ਕਰਤਾਰ ਸਿੰਘ ਮੈਮੋਰੀਅਲ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿੱਚ

# ਸ਼ਹੀਦ ਭਾਈ ਤਾਰੂ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ



**ਫ਼ਿਰੋਜ਼ਪੁਰ, 17 ਜੁਲਾਈ (ਮਨੋਹਰ ਲਾਲ) :—**ਸ੍ਰੀਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ ਜੀ ਦੀ ਯੋਗ ਅਗਵਾਈ ਹੇਠ ਚੱਲ ਰਹੀ ਵਿਦਿਅਕ ਸੰਸਥਾ ਸੰਤ ਕਰਤਾਰ ਸਿੰਘ ਮੈਮੋਰੀਅਲ ਖਾਲਸਾ ਸੀਨੀਅਰ ਸੈਕੈਂਡਰੀ ਸਕੂਲ ਵਿੱਚ ਸ਼ਹੀਦ ਭਾਈ ਤਾਰੂ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਮਨਾਇਆ ਗਿਆ ਇਸ ਮੌਕੇ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਸ਼ਹੀਦ ਭਾਈ ਤਾਰੂ ਸਿੰਘ ਜੀ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਜਸਪ੍ਰੀਤ ਕੌਰ ਅਤੇ ਭਾਈ ਵੀਰਪਾਲ ਸਿੰਘ ਨੇ ਸ਼ਹੀਦ ਭਾਈ ਤਾਰੂ ਸਿੰਘ ਜੀ ਦੇ ਜੀਵਨ ਦਾ ਸੰਖੇਪ ਇਤਿਹਾਸ ਵਿਦਿਆਰਥੀਆਂ ਨੂੰ ਦੱਸਦੇ ਕਿਹਾ ਕਿ ਸ਼ਹੀਦ ਭਾਈ ਤਾਰੂ ਸਿੰਘ ਜੀ ਅਠਾਰ੍ਹਵੀਂ ਸਦੀ ਦੇ ਸ਼ਹੀਦਾਂ ਵਿਚੋਂ ਇਕ ਮਹਾਨ ਸਿੱਖ ਸ਼ਹੀਦ ਹਨ, ਜਿਨ੍ਹਾਂ ਦਾ ਜਨਮ 1716 ਈਸਵੀ ਵਿਚ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਪੂਹਲਾ ਵਿਖੇ ਹੋਇਆ। ਬਾਬਾ ਬੰਦਾ ਸਿੰਘ ਬਹਾਦਰ ਜੀ ਤੇ ਉਹਨਾਂ ਦੇ ਸਾਥੀਆਂ ਦੀ ਸ਼ਹੀਦੀ ਉਪਰੰਤ ਮੁਗਲਾਂ ਵੱਲੋਂ ਸਿੱਖਾਂ ਉੱਤੇ ਬਹੁਤ ਅਤਿਆਚਾਰ ਕੀਤੇ ਗਏ। ਜਦੋਂ ਬਾਬਾ ਜੀ ਨੂੰ ਗੁਰਦਾਸ ਨੰਗਲ ਦੀ ਲੜਾਈ ਦੌਰਾਨ ਫੜ ਕੇ ਲਾਹੌਰ ਦਾ ਗਵਰਨਰ ਅਬਦੁਲ ਸਮੁੰਦ ਖ਼ਾਂ ਲਾਹੌਰ ਲੈ ਕੇ ਜਾ ਰਿਹਾ ਸੀ ਤਾਂ ਉਨ੍ਹਾਂ ਨੂੰ ਲਾਹੌਰ ਤੋਂ ਦਿੱਲੀ ਲਿਜਾਏ ਜਾਣ ਸਮੇਂ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਮਗਰ ਸਿੱਖਾਂ ਦੇ ਸੀਸਾਂ ਨਾਲ ਭਰੇ ਹੋਏ ਗੱਜੇ ਵੀ ਸਨ ਅਤੇ ਦੋ ਹਜ਼ਾਰ ਸਿੰਘਾਂ ਦੇ ਸੀਸ ਨੇਜਿਆਂ ਉੱਪਰ ਟੰਗੇ ਹੋਏ ਸਨ। ਇਸ ਉਪਰੰਤ 1734 ਈਸਵੀ ਵਿਚ ਲਾਹੌਰ ਵਿਖੇ ਭਾਈ ਮਨੀ ਸਿੰਘ ਜੀ ਦੀ ਸ਼ਹੀਦ ਹੋਈ। ਉਸ ਵੇਲੇ ਪੰਜਾਬ ਦੇ ਗਵਰਨਰ ਜ਼ਕਰੀਆ ਖ਼ਾਨ ਨੇ ਸਿੱਖਾਂ ਉੱਪਰ ਜ਼ੁਲਮ ਹੋਰ ਵਧਾ ਦਿੱਤੇ। ਜ਼ਕਰੀਆ ਖ਼ਾਨ ਨੇ ਹੁਕਮ ਦਿੱਤਾ ਕਿ ਮੈਨੂੰ ਕਿਸੇ ਪਾਸੇ ਕੋਈ ਸਿੱਖ ਦਿਸਣਾ ਨਹੀਂ ਚਾਹੀਦਾ। ਜ਼ਕਰੀਆ ਖ਼ਾਨ ਨੇ ਸਿੱਖਾਂ ਦੇ ਸਿਰਾਂ ਦੇ ਮੁੱਲ ਰੱਖ ਦਿੱਤੇ। ਸਮੇਂ ਦੀ ਨਜ਼ਾਕਤ ਨੂੰ ਪਛਾਣਦਿਆਂ ਸਿੱਖਾਂ ਨੇ ਜੰਗਲਾਂ ਵਿਚ ਟਿਕਾਣੇ ਕਰ ਲਏ। ਜਦ ਕਦੇ ਵੀ ਮੌਕਾ ਲਗਦਾ ਤਾਂ ਉਹ ਆ ਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਆ ਕੇ ਮੱਥਾ ਟੇਕ ਜਾਂਦੇ, ਇਸ਼ਨਾਨ ਕਰ ਜਾਂਦੇ ਤੇ ਜੰਗਲਾਂ ਵਿਚੋਂ ਹੀ ਵਿਓਂਤ ਬਣਾ ਕੇ ਜ਼ਾਲਮ ਸਰਕਾਰ ਨਾਲ ਟੱਕਰ ਲੈ ਜਾਂਦੇ। ਸ਼ਹੀਦ ਭਾਈ ਤਾਰੂ ਸਿੰਘ ਜੀ ਇਕ ਮਿਹਨਤੀ ਕਿਸਾਨ ਪਰਿਵਾਰ ਨਾਲ ਸਬੰਧ ਰੱਖਦੇ ਸਨ। ਭਾਈ ਤਾਰੂ ਸਿੰਘ ਜੀ ਨੇ ਜੰਗਲਾਂ ਚ ਲੁਕ ਕੇ ਰਹਿੰਦੇ ਸਿੰਘਾਂ ਵਾਸਤੇ ਲੰਗਰਾਂ ਦੀ ਸੇਵਾ ਸ਼ੁਰੂ ਕਰ ਦਿੱਤੀ। ਇਕ ਮੁਖ਼ਬਰ ਹਰਿ ਭਗਤ ਨਿਰੰਜਨੀਏ ਨੇ ਸਮੇਂ ਦੀ ਹਕੂਮਤ ਕੋਲ ਇਸ ਬਾਰੇ ਚੁਗਲੀ ਲਾਈ ਤਾਂ ਇਹ ਗੱਲ ਜ਼ਕਰੀਆ ਖ਼ਾਨ ਤੋਂ ਬਰਦਾਸ਼ਤ ਨਹੀਂ ਹੋਈ। ਉਸ ਨੇ ਹੁਕਮ ਭੇਜ ਕੇ ਭਾਈ ਤਾਰੂ ਸਿੰਘ ਜੀ ਨੂੰ ਲਾਹੌਰ ਵਿਖੇ ਤਲਬ ਕਰ ਲਿਆ ਭਾਈ ਤਾਰੂ ਸਿੰਘ ਜੀ ਨੂੰ ਧਰਮ ਦੀ ਇਸ ਸੇਵਾ ਬਦਲੇ ਅਸਹਿ ਤੇ ਅਕਹਿ ਤਸੀਹੇ ਸਹਿਣੇ ਪਏ। ਜ਼ਕਰੀਆ ਖ਼ਾਨ ਨੇ ਭਾਈ ਤਾਰੂ ਸਿੰਘ ਜੀ ਨੂੰ ਧਰਮ ਪਰਿਵਰਤਨ ਕਰ ਕੇ ਮੁਸਲਮਾਨ ਬਣ ਜਾਣ ਵਾਸਤੇ ਕਈ ਲਾਲਚ ਦਿੱਤੇ। ਭਾਈ ਤਾਰੂ ਸਿੰਘ ਜੀ ਨੂੰ ਕਿਹਾ ਗਿਆ ਕਿ ਉਹ ਸਿੱਖੀ ਨੂੰ ਛੱਡ ਕੇ ਦੀਨ ਕਬੂਲ ਕਰ ਲਵੇ ਤੇ ਇਸ ਦੇ ਬਦਲੇ ਉਸ ਨੂੰ ਦੁਨੀਆ ਭਰ ਦੀਆਂ ਖ਼ੁਸ਼ੀਆਂ ਤੇ ਸੁੱਖ ?ਸਹੂਲਤਾ ਮਿਲਣਗੀਆਂ ਪਰ ਭਾਈ ਤਾਰੂ ਸਿੰਘ ਜੀ ਸਿੱਖੀ ਸਿਦਕ ਤੋਂ ਨਾ ਡੋਲੇ ਆਪਣੇ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬੇਮੁੱਖ ਹੋਣਾ ਕਬੂਲ ਨਹੀਂ ਕੀਤਾ। ਭਾਈ ਤਾਰੂ ਸਿੰਘ ਵੱਲੋਂ ਇਸ ਗੱਲ ਤੋਂ ਇਨਕਾਰ ਕਰਨੋ ਤੇ ਜ਼ਕਰੀਆ ਖ਼ਾਨ ਨੇ ਜੱਲਾਦ ਨੂੰ ਹੁਕਮ ਦਿੱਤਾ ਕਿ ਇਸ ਦੇ ਕੇਸ ਕਤਲ ਕਰ ਦਿੱਤੇ ਜਾਣ। ਭਾਈ ਤਾਰੂ ਸਿੰਘ ਨੇ ਕਿਹਾ ਇਹ ਕੇਸ ਮੇਰੇ ਗੁਰੂ ਦੀ ਮੋਹਰ ਹਨ, ਇਨ੍ਹਾਂ ਨੂੰ ਕਤਲ ਨਾ ਕੀਤਾ ਜਾਵੇ। ਜ਼ਕਰੀਆ ਖ਼ਾਨ ਨੇ ਜੱਲਾਦ ਨੂੰ ਭਾਈ ਤਾਰੂ ਸਿੰਘ ਦੀ ਖੋਪਰੀ ਉਤਾਰਨ ਦਾ ਹੁਕਮ ਦੇ ਦਿੱਤਾ। ਜਿਸ ਸਮੇਂ ਭਾਈ ਤਾਰੂ ਸਿੰਘ ਜੀ ਦੀ ਖੋਪਰੀ ਉਤਾਰੀ ਜਾ ਰਹੀ ਸੀ, ਉਹ ਜਪੁਜੀ ਸਾਹਿਬ ਦਾ ਪਾਠ ਪੜ੍ਹ ਰਹੇ ਸਨ। ਭਾਈ ਤਾਰੂ ਸਿੰਘ ਜੀ ਵੀ ਖੋਪਰੀ ਲਾਹੇ ਜਾਣ ਤੋਂ ਬਾਅਦ 22 ਦਿਨ ਬਾਅਦ 1745 ਈਸਵੀ ਵਿਚ ਸ਼ਹਾਦਤ ਪ੍ਰਾਪਤ ਕਰ ਗਏ। ਭਾਈ ਤਾਰੂ ਸਿੰਘ ਜੀ ਦਾ ਸਿੱਖੀ ਸਿਦਕ ਤੇ ਸ਼ਹਾਦਤ ਸਿੱਖਾਂ ਨੂੰ ਸਦਾ ਯਾਦ ਰਹੇਗੀ ਤੇ ਆਉਣ ਵਾਲੀਆਂ ਪੀੜ੍ਹੀਆਂ ਦਾ ਵੀ ਰਾਹ ਰੁਸ਼ਨਾਉਂਦੀ ਰਹੇਗੀ। ਭਾਈ ਤਾਰੂ ਸਿੰਘ ਜੀ ਦੀ ਅਦੁੱਤੀ ਸ਼ਹਾਦਤ ਕੋਟਿ ਕੋਟਿ ਪ੍ਰਣਾਮ ਇਸ ਮੌਕੇ ਸਕੂਲ ਦਾ ਸਮੁੱਚਾ ਸਟਾਫ ਅਤੇ ਵਿਦਿਆਰਥੀ ਹਾਜ਼ਰ ਹੋਏ।

ਆਵਾਜ਼ਿ ਕੌਮ AWAZE QAUM International Newspaper & WEB TV

### ਸਰਕਲ ਦਫਤਰ ਫ਼ਿਰੋਜ਼ਪੁਰ ਅੱਗੇ

# ਪਾਵਰਕੌਮ ਦੇ ਮੁਲਾਜ਼ਮਾਂ ਸਰਕਲ ਦਫਤਰ ਅੱਗੇ ਲਾਇਆ ਧਰਨਾ



ਫ਼ਿਰੋਜ਼ਪੁਰ, 17 ਜੁਲਾਈ (ਮਨੋਹਰ ਲਾਲ) :— ਜੁਆਇੰਟ ਫੋਰਮ ਅਤੇ ਏਕਤਾ ਮੰਚ ਪੰਜਾਬ ਦੇ ਸੱਦੇ ਤੇ ਵੱਡੀ ਗਿਣਤੀ ਮੁਲਾਜ਼ਮਾਂ ਵੱਲੋਂ ਸਰਕਲ ਦਫਤਰ ਫ਼ਿਰੋਜ਼ਪੁਰ ਅੱਗੇ ਲਾਇਆ ਰੋਹ ਧਰਨਾ। ਪੀ.ਐਸ.ਈ.ਬੀ ਇੰਪਲਾਈਜ਼ ਫੈਡਰੇਸ਼ਨ ਰਜਿਸਟਰੇਸ਼ਨ ਦੇ ਝੰਡੇ ਹੇਠ ਜੁੜੇ ਮੁਲਾਜ਼ਮ ਸਾਥੀਆਂ ਵੱਲੋਂ ਪੰਜਾਬ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜੀ ਕਰਦੇ ਹੋਏ ਮੈਨੇਜਮੈਂਟ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਵਿਰੁੱਧ ਡਟਣ ਦਾ ਐਲਾਨ ਕੀਤਾ। ਇਸ ਰੋਸ ਧਰਨੇ ਦੀ ਅਗਵਾਈ ਅਸ਼ਵਨੀ ਕੁਮਾਰ ਸਰਕਲ ਪ੍ਰਧਾਨ ਵੱਲੋਂ ਕੀਤੀ ਗਈ ਅਤੇ ਸਟੇਜ਼ ਸਕੱਤਰ ਦੀ ਸੇਵਾ ਸਰਕਲ ਸਕੱਤਰ ਸੁਖਚੈਨ ਸਿੰਘ ਨੇ ਕੀਤੀ। ਮੁਲਾਜ਼ਮ ਆਗੂਆਂ ਨੇ ਕਿਹਾ ਕਿ ਕਿਹਾ ਇਸ ਦੌਰਾਨ ਮੁਲਾਜ਼ਮਾਂ ਵੱਲੋਂ ਵਰਕ ਟੂ ਰੂਲ ਅਨੁਸਾਰ ਕੰਮ ਕਰਨ ਦਾ ਅਹਿਦ ਲਿਆ ਗਿਆ ਹੈ ਅਤੇ ਮਿਤੀ 27 ਜੁਲਾਈ ਨੂੰ ਬਿਜਲੀ ਮੰਤਰੀ ਦੀ ਰਿਹਾਇਸ਼ ਅੰਮ੍ਰਿਤਸਰ ਵਿਖੇ ਧਰਨਾ ਦਿੱਤਾ ਜਾਵੇਗਾ। ਇਸ ਰੈਲੀ ਵਿਚ ਰਾਜੇਸ਼ ਦੱਤਾ ਜ਼ੋਨਲ ਸਕੱਤਰ, ਬਲਕਾਰ ਸਿੰਘ ਭੁੱਲਰ ਜ਼ੋਨ ਆਗੂ, ਸੁਖਦੇਵ ਸਿੰਘ ਬੱਗੀ ਪਤਨੀ ਪੰਜਾਬ ਆਗੂ, ਸਰਕਲ ਆਗੂ ਰਾਕੇਸ਼ ਸੈਣੀ, ਰੋਹਿਤ ਬਾਘਲਾ, ਗਿਆਨ ਚੰਦ, ਧਰਮਦੇਵ ਰਾਮ, ਰਾਜਿੰਦਰ ਸਿੰਘ ਪ੍ਰਧਾਨ ਸਬ ਡਵੀਜਨ ਬਲਦੇਵ ਸਿੰਘ ਮੋਗਾ, ਰਮੇਸ਼ ਸਿੰਘ, ਰਾਜੇਸ਼ ਕੁਮਾਰ ਝੋਕ ਹਰੀਹਰ, ਮਨਿੰਦਰ ਸਿੰਘ, ਜਗਦੇਵ ਸਿੰਘ ਕਸੋਆਣਾ, ਸਵਰਨ ਸਿੰਘ ਮੱਲਾਂਵਾਲਾ, ਮਨਜੀਤ ਸਿੰਘ ਮੱਲਾਂਵਾਲਾ, ਗੁਰਜਿੰਦਰ ਸਿੰਘ ਸੈਕਟਰੀ ਮੱਲਾਂਵਾਲਾ ਅਤੇ ਏਟਕ ਜਥੇਬੰਦੀ ਦੇ ਆਗੂ ਸਾਥੀ ਮੇਲਾ ਸਿੰਘ, ਸੁਖਦੇਵ ਸਿੰਘ ਬਾਬਾ, ਟੀ.ਐਸ.ਯੂ ਦਰਸ਼ਨ ਸਿੰਘ, ਦਲਜੀਤ ਸਿੰਘ ਅਤੇ ਰਿਟਾਇਰੀ ਯੂਨੀਅਨ ਗੁਰਦਿੱਤ ਸਿੰਘ, ਅਵਤਾਰ ਸਿੰਘ, ਨੰਦ ਲਾਲ, ਅਵਤਾਰ ਸਿੰਘ ਸ਼ੇਰਖਾਂ, ਰਾਮ ਸੁਖ, ਸਾਹਿਲ ਚਾਵਲਾ ਨੇ ਬੋਲਦਿਆਂ ਕਿਹਾ ਕਿ ਜੁਆਇੰਟ ਫੋਰਮ ਵੱਲੋਂ ਪਾਵਰਕਾਮ ਦੀ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਨੂੰ 60 ਮੰਗਾਂ ਦਾ ਮੁਲਾਜ਼ਮਾਂ ਦੀਆਂ ਮੰਗਾਂ ਪੱਤਰ ਦਿੱਤਾ ਹੋਇਆ ਹੈ ਅਤੇ ਮੁਲਾਜ਼ਮ ਲੰਬੇ ਸਮੇਂ ਤੋਂ ਪੁਰਾਣੀ ਪੈਨਸ਼ਨ ਦੀ ਬਹਾਲੀ, ਮੁਲਾਜ਼ਮਾਂ ਦੇ ਸਕੇਲਾਂ ਦੀ ਤਰੁੱਟੀਆਂ ਦੂਰ ਕਰਨ, ਗਰਿੱਡਾਂ ਤੇ ਤੈਨਾਤ ਕਰਮਚਾਰੀਆਂ ਦੇ ਓਵਰਟਾਈਮ ਸਬੰਧੀ, ਕੱਚੇ ਕਾਮੇ ਪੱਕੇ ਕਰਨ ਸਬੰਧੀ, ਡੀ.ਏ ਦੀਆਂ ਕਿਸ਼ਤਾਂ ਸਬੰਧੀ, ਡੀ.ਏ ਦੇ ਏਰੀਅਰ ਸਬੰਧੀ, ਪੰਜਾਬ ਸਰਕਾਰ ਦੀ ਤਰਜ ਤੇ ਸਕੇਲ ਲਾਗੂ ਕੀਤੇ ਜਾਣ, ਨਵੀਂ ਭਰਤੀ ਕਰਨ ਬਾਰੇ, ਡੈਥ ਕੇਸ ਤੇ ਨੌਕਰੀ ਦੇਣ ਅਤੇ ਬਣਦੇ ਲਾਭ ਦੇਣ ਬਾਰੇ, ਨਿੱਜੀਕਰਨ ਅਤੇ ਨਿਗਮੀਕਰਨ ਬੰਦ ਕਰਨ ਬਾਰੇ ਮੁੱਦੇ ਉਠਾਏ ਗਏ। ਗੱਲਬਾਤ ਕਰਦਿਆਂ ਮੁਲਾਜ਼ਮਾਂ ਨੇ ਕਿਹਾ ਕਿ ਮੈਨੇਜਮੈਂਟ ਪਾਵਰਕੌਮ ਅਤੇ ਪੰਜਾਬ ਸਰਕਾਰ ਲਗਾਤਾਰ ਮੁਲਾਜ਼ਮ ਮੰਗਾਂ ਨੂੰ ਟਾਲਦਾ ਆ ਰਿਹਾ ਹੈ, ਜਿਸ ਕਰਕੇ ਜੁਆਇੰਟ ਫੋਰਮ ਵੱਲੋਂ 24 ਜੁਲਾਈ ਤੱਕ ਸਬ ਡਵੀਜਨ ਅਤੇ ਡਵੀਜਨ ਪੱਧਰ ਤੇ ਰੈਲੀਆਂ ਕੀਤੀਆਂ ਜਾਣੀਆਂ ਹਨ ਅਤੇ ਜੇਕਰ ਪੰਜਾਬ ਸਰਕਾਰ ਅਤੇ ਮੈਨੇਜਮੈਂਟ ਵੱਲੋਂ ਧਿਆਨ ਨਾ ਦਿੱਤਾ ਗਿਆ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ, ਜਿਸ ਦੀ ਸਾਰੀ ਜਿੰਮੇਵਾਰੀ ਪੰਜਾਬ ਸਰਕਾਰ ਤੇ ਪਾਵਰਕੌਮ ਮੈਨੇਜਮੈਂਟ ਦੀ ਹੋਵੇਗੀ।

ਆਵਾਜ਼ਿ ਕੌਮ AWAZE QAUM International Newspaper & WEB TV

# ਧਾਰਮਿਕ ਗ੍ਰੰਥਾਂ ਸਬੰਧੀ ਸਖਤ ਕਾਨੂੰਨ ਬਣਾਉਣ ਤੇ ਧੰਨਵਾਦ—ਏਕਨੂਰ ਖਾਲਸਾ ਫੌਜ



ਫ਼ਿਰੋਜ਼ਪੁਰ, 17 ਜੁਲਾਈ (ਮਨੋਹਰ ਲਾਲ) :— ਲੰਮੇ ਸਮੇਂ ਤੋਂ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦਾ ਜ਼ੋ ਸਿਲਸਿਲਾ ਚੱਲ ਰਿਹਾ ਸੀ, ਲੱਗਦਾ ਹੁਣ ਠੱਲ ਪਵੇਗੀ, ਕਿਉਂਕਿ ਪੰਜਾਬ ਦੀ ਸਰਦਾਰ ਭਗਵੰਤ ਸਿੰਘ ਮਾਨ ਸਰਕਾਰ ਨੇ ਸਖਤ ਫੈਸਲਾ ਲੈਂਦਿਆਂ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਨੂੰ ਲੈ ਕੇ ਜ਼ੋ ਸਖਤ ਕਾਨੂੰਨ ਬਣਾਇਆ, ਇਸ ਤੋਂ ਆਸ ਬੱਝੀ ਹੈ। ਸਰਕਾਰ ਦੇ ਫੈਸਲੇ ਦਾ ਸਵਾਗਤ ਕਰਦਿਆਂ ਧਾਰਮਿਕ ਜਥੇਬੰਦੀਆਂ ਏਕਨੂਰ ਖਾਲਸਾ ਫੌਜ਼ ਦੇ ਜ਼ਿਲ੍ਹਾ ਪ੍ਰਧਾਨ ਨੰਬਰਦਾਰ ਲਖਬੀਰ ਸਿੰਘ ਮਹਾਲਮ ਨੇ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਕਾਨੂੰਨ ਤਾਂ ਬਹੁਤ ਚਿਰ ਪਹਿਲਾਂ ਹੀ ਬਣਨਾ ਚਾਹੀਦਾ ਸੀ, ਜਦੋਂ ਪੰਜਾਬ ਵਿਚ ਅਖੌਤੀ ਪੰਥਕ ਸਰਕਾਰਾਂ ਸੀ, ਪਰ ਇਸ ਪਾਸੇ ਧਿਆਨ ਦੇਣ ਦੀ ਲੋੜ ਨਹੀਂ ਸਮਝੀ। ਗੱਲਬਾਤ ਕਰਦਿਆਂ ਭਾਈ ਸਾਹਿਬ ਨੇ ਕਿਹਾ ਕਿ ਸਾਰੇ ਧਰਮ ਅਤੇ ਧਾਰਮਿਕ ਗ੍ਰੰਥ ਸਤਿਕਾਰਯੋਗ ਹਨ, ਕਿਸੇ ਵੀ ਧਰਮ ਦੇ ਧਾਰਮਿਕ ਗ੍ਰੰਥ ਦਾ ਨਿਰਾਦਰ ਨਹੀਂ ਹੋਣਾ ਚਾਹੀਦਾ। ਭਾਈ ਹਿੰਮਤ ਸਿੰਘ ਖਾਲਸਾ ਨੇ ਕਿਹਾ ਕਿ 2015 ਵਿਚ ਜ਼ਿਲ੍ਹਾ ਫਰੀਦਕੋਟ ਦੇ ਬੁਰਜ ਜਵਾਹਰ ਸਿੰਘ ਵਾਲੇ ਤੋਂ ਸ਼ਬਦ ਗੁਰੂ ਗ੍ਰੰਥ ਸਾਹਿਬ ਨੂੰ ਚੋਰੀ ਕਰਕੇ ਬੇਅਦਬੀ ਕਰਨੀ ਇਕ ਸੋਚੀ ਸਮਝੀ ਸਾਜਿਸ਼ ਸੀ, ਪਰ ਸਮੇਂ ਦੀ ਹਕੂਮਤ ਨੇ ਦੋਸ਼ੀਆਂ ਨੂੰ ਸਜਾਵਾਂ ਤਾਂ ਕੀ ਦੇਣੀਆਂ ਸੀ, ਉਲਟਾ ਸ਼ਾਂਤਮਈ ਇਨਸਾਫ ਮੰਗਦੀਆਂ ਸੰਗਤਾਂ ਤੇ ਗੋਲੀਆਂ ਚਲਾਈਆਂ ਗਈਆਂ ਤੇ ਲਾਠੀਚਾਰਜ ਕੀਤਾ ਗਿਆ। ਆਪਣੇ—ਆਪਣੇ ਧਾਰਮਿਕ ਸਥਾਨਾਂ ਦੀ ਪਹਿਰੇਦਾਰੀ ਕਰਨੀ ਵੀ ਸਾਡੀ ਜੁੰਮੇਵਾਰੀ ਬਣਦੀ ਹੈ। ਉਨ੍ਹਾਂ ਕਿਹਾ ਕਿ ਦੇਰ ਆਏ ਦਰੁਸਤ ਆਏ, ਸਰਦਾਰ ਭਗਵੰਤ ਸਿੰਘ ਮਾਨ ਸਰਕਾਰ ਦਾ ਧੰਨਵਾਦ ਕਰਦੇ ਹਾਂ। ਇਸ ਮੌਕੇ ਰਣਧੀਰ ਸਿੰਘ ਮੀਤ ਪ੍ਰਧਾਨ, ਗੁਰਦੇਵ ਸਿੰਘ, ਅਵਤਾਰ ਸਿੰਘ ਸਰਕਲ ਕੁਲਗੜ੍ਹੀ, ਦਰਸ਼ਨ ਸਿੰਘ ਸਰਕਲ ਜ਼ੀਰਾ, ਨਿਰਮਲ ਸਿੰਘ ਗੱਟਾ ਬਾਦਸ਼ਾਹ ਮਖੂ, ਸਵਰਨ ਸਿੰਘ ਸ਼ਹਿਰੀ ਪ੍ਰਧਾਨ, ਜਗਜੀਤ ਸਿੰਘ ਮੱਲਾਂਵਾਲਾ, ਪ੍ਰਤਾਪ ਸਿੰਘ ਸਲਾਹਕਾਰ, ਭਾਈ ਪਿੱਪਲ ਸਿੰਘ ਮੌਗਾ ਤਰਨਤਾਰਨ ਜ਼ੋਰ, ਗੁਰਜੀਤ ਸਿੰਘ ਜਲਾਲੇਆਣਾ, ਭਾਈ ਭੁਪਿੰਦਰ ਸਿੰਘ ਪ੍ਰਧਾਨ ਮਾਲਵਾ ਜ਼ੋਨ, ਹਰਜਿੰਦਰ ਸਿੰਘ ਜਨਰਲ ਸਕੱਤਰ, ਪ੍ਰੀਤਮ ਸਿੰਘ ਘੱਲ ਖੁਰਦ, ਗੁਰਚਰਨ ਸਿੰਘ ਗੱਟੀ ਜਲਾਲਾਬਾਦ, ਸੁਖਮੰਦਰ ਸਿੰਘ ਮੁੱਦਕੀ, ਪ੍ਰੈਸ ਸਕੱਤਰ ਅਮਰੀਕ ਸਿੰਘ ਗੋਰਾ, ਸੂਬੇਦਾਰ ਚਮਕੌਰ ਸਿੰਘ ਤਲਵੰਡੀ, ਸੁਖਵਿੰਦਰ ਸਿੰਘ, ਬਲਜਿੰਦਰ ਸਿੰਘ ਲੋਹਗੜ੍ਹ, ਭਾਈ ਲਾਲ ਸਿੰਘ ਮਮਦੋਟ, ਦਰਸ਼ਨ ਸਿੰਘ ਪ੍ਰਧਾਨ ਗੁਰਮਤਿ ਸੇਵਾ ਲਹਿਰ, ਹਰਜਿੰਦਰ ਸਿੰਘ ਸ਼ਰੀ ਵਾਲਾ ਗੁਰੂਹਰਸਹਾਏ, ਨਛੱਤਰ ਸਿੰਘ ਪ੍ਰਧਾਨ ਫਰੀਦਕੋਟ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਪੰਜਾਬ ਫੋਰੈਸਟ ਪੈਨਸ਼ਨਰਜ਼ ਐਸੋਸੀਏਸ਼ਨ ਦੀ 18 ਨੂੰ ਹੋਵੇਗੀ ਹੰਗਾਮੀ ਮੀਟਿੰਗ

ਫ਼ਿਰੋਜ਼ਪੁਰ, 17 ਜੁਲਾਈ (ਮਨੋਹਰ ਲਾਲ) :— ਪੰਜ਼ਾਬ ਫੋਰੈਸਟ ਪੈਨਸ਼ਨਰਜ਼ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਸ਼੍ਰੀ ਬਲਵਿੰਦਰ ਸਿੰਘ ਸੰਧੂ ਅਤੇ ਜਨਰਲ ਸਕੱਤਰ ਸ੍ਰੀ ਮੋਹਿੰਦਰ ਸਿੰਘ ਧਾਲੀਵਾਲ ਨੇ ਸਾਂਝੇ ਬਿਆਨ ਰਾਹੀਂ ਦੱਸਿਆ ਕਿ ਸੂਬਾ ਪੱਧਰੀ ਮੀਟਿੰਗ ਮਿਤੀ 18/7/2025 ਸ਼ੁਕਰਵਾਰ ਸਵੇਰੇ 11 ਵਜੇ ਐਸੋਸ਼ੀਏਸ਼ਨ ਦੇ ਦਫ਼ਤਰ ਜੋਗਾ ਨੰਦ ਰੋਡ ਸਾਹਮਣੇ ਥਰਮਲ ਕਲੋਨੀ ਨੇੜੇ ਨਹਿਰ ਬਠਿੰਡਾ ਵਿਖੇ ਹੋਵੇਗੀ ਜਿਸ ਵਿੱਚ ਸੁਬਾ ਕਮੇਟੀ ਦੇ ਆਹੁਦੇਦਾਰ ਅਤੇ ਨੇੜਲੇ ਸਰਕਲ ਪਟਿਆਲਾ, ਫ਼ਿਰੋਜ਼ਪੁਰ ਅਤੇ ਮੰਡਲ ਕਮੇਟੀ ਦੇ ਆਹੁਦੇਦਾਰ ਅਤੇ ਸਰਗਰਮ ਮੈਬਰ ਸ਼ਾਮਲ ਹੋਣ ਗੇ ਮੀਟਿੰਗ ਵਿੱਚ ਮਿਤੀ 9/7/2025 ਨੂੰ ਮਾਣਯੋਗ ਵਣ ਮੰਤਰੀ ਪੰਜਾਬ ਸ਼੍ਰੀ ਲਾਲ ਚੰਦ ਕਟਾਰੂਚਕ ਅਤੇ ਵਣ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਐਸੋਸ਼ੀਏਸ਼ਨ ਦੀ ਹੋਈ ਮੀਟਿੰਗ ਦੌਰਾਨ ਕੀਤੀ ਗਈ ਵੀਚਾਰ ਚਰਚਾ, ਵਣ ਪੈਨਸ਼ਨਰਜ ਦੇ ਬਣਦੇ ਸੇਵਾ ਲਾਭ ਸਮੇਂ ਸਿਰ ਦੇਣ, ਚਲਦੀਆਂ ਅਪੀਲਾਂ ਅਤੇ ਕੇਸਾਂ ਦਾ ਨਿਪਟਾਰਾ ਰਿਕਾਰਡ ਦੇ ਆਧਾਰ ਤੇ ਸਮਾਂ ਬੱਧ ਤਰੀਕੇ ਨਾਲ਼ ਕਰਨ, ਮਿਰਤਕ ਮੁਲਾਜ਼ਮਾਂ ਦੇ ਪਰਿਵਾਰਾਂ ਨੂੰ ਨੋਕਰੀ ਦੇਣ, 1/1/2016 ਤੋਂ ਡੀ.ਏ ਅਤੇ ਲੀਵ ਇਨ ਕੈਸ਼ਮੈਂਟ ਇੱਕੋ ਕਿਸਤ ਵਿੱਚ ਦੇਣ, ਅਨੁਸ਼ਾਸਨ ਕਾਇਮ ਰੱਖਣ, ਮੈਂਬਰਸ਼ਿਪ ਵਧਾਉਣ, 11 ਸਤੰਬਰ 2025 ਨੂੰ ਅਬੋਹਰ ਵਣ ਰੇਂਜ ਦੇ ਪਿੰਡ ਮਹਿਰਾਜ ਵਿਖੇ 363 ਵਣ ਸ਼ਹੀਦਾਂ ਦੀ ਯਾਦ ਵਿੱਚ ਬਣੇ ਮਾਤਾ ਅੰਮ੍ਰਿਤਾਦੇਵੀ ਸਮਾਰਕ ਵਿੱਖੇ ਮਨਾਉਣ ਸਬੰਧੀ ਤਿਆਰੀ ਆਦਿ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ ਸਮੂਹ ਅਹੁਦੇਦਾਰ ਅਤੇ ਸਰਗਰਮ ਮੈਂਬਰਾਂ ਸਾਹਿਬਾਨ ਨੂੰ ਸਮੇਂ ਸਿਰ ਮੀਟਿੰਗ ਵਿੱਚ ਹਾਜ਼ਰ ਹੋਣ ਦੀ ਅਪੀਲ ਕੀਤੀ ਜਾਂਦੀ ਹੈ ਇਸ ਮੌਕੇ ਹਾਜ਼ਰ ਸਾਥੀਆਂ ਵੱਲੋਂ ਵਾਤਾਵਰਨ ਸੁਧਾਰਨ ਲਈ ਵਣ ਮਹਾਂਉਤਸਵ ਮਨਾਇਆ ਜਾਵੇਗਾ ਅਤੇ ਦਫ਼ਤਰ ਦੇ ਚੌਗਿਰਦੇ ਪੌਦੇ ਲਗਾਏ ਜਾਣਗੇ।

## ਜ਼ਿਲ੍ਹੇ ਵਿੱਚ 02 ਸਰਪੰਚਾਂ ਦੀਆਂ ਖਾਲੀ ਅਸਾਮੀਆਂ ਲਈ 04 ਨਾਮਜਦਗੀਆਂ ਦਾਖਲ

**☛ 24 ਪੰਚਾਂ ਦੀਆਂ ਖਾਲੀ ਅਸਾਮੀਆਂ ਸਬੰਧੀ 26 ਨਾਮਜ਼ਦਗੀਆਂ ☛ ਨਾਮਜ਼ਦਗੀ ਪੱਤਰਾਂ ਦੀ ਜਾਂਚ 18 ਜੁਲਾਈ ਨੂੰ ☛ ਨਾਮਜ਼ਦਗੀਆਂ ਵਾਪਸ ਲੈਣ ਦੀ ਆਖਰੀ ਮਿਤੀ 19 ਜੁਲਾਈ; ਵੋਟਾਂ 27 ਜੁਲਾਈ ਨੂੰ**

ਸੰਗਰੂਰ ( ਰਣਜੀਤ ਸਿੰਘ ਪੇਧਨੀ )–ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ.ਸੁਖਚੈਨ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ 02 ਸਰਪੰਚਾਂ ਅਤੇ 24 ਪੰਚਾਂ ਦੀਆਂ ਖਾਲੀ ਅਸਾਮੀਆਂ ਨੂੰ ਭਰਨ ਲਈ ਚੋਣਾਂ 27 ਜੁਲਾਈ ਨੂੰ ਹੋਣਗੀਆਂ। ਇਸ ਸਬੰਧੀ ਆਦਰਸ਼ ਚੋਣ ਜ਼ਾਬਤਾ ਲਾਗੂ ਹੈ ਤੇ ਜ਼ਿਲ੍ਹੇ ਵਿੱਚ 02 ਸਰਪੰਚਾਂ ਦੀਆਂ ਖਾਲੀ ਅਸਾਮੀਆਂ ਲਈ 04 ਨਾਮਜਦਗੀਆਂ ਅਤੇ 24 ਪੰਚਾਂ ਦੀਆਂ ਖਾਲੀ ਅਸਾਮੀਆਂ ਸਬੰਧੀ 26 ਨਾਮਜ਼ਦਗੀਆਂ ਦਾਖਲ ਹੋਈਆਂ ਹਨ। ਜ਼ਿਲ੍ਹੇ ਵਿੱਚ ਸਰਪੰਚ ਪਲਾਸੌਰ ਬਲਾਕ ਧੂਰੀ ਲਈ 02 ਨਾਮਜ਼ਦਗੀਆਂ ਅਤੇ ਸਰਪੰਚ ਮਿਰਜਾ ਪੱਤੀ ਨਮੋਲ ਬਲਾਕ ਸੁਨਾਮ ਲਈ ਵੀ 02 ਨਾਮਜ਼ਦਗੀਆਂ ਦਾਖਲ ਹੋਈਆਂ ਹਨ। ਪੰਚ ਬਾਲਦ ਖੁਰਦ ਬਲਾਕ ਭਵਾਨੀਗੜ੍ਹ ਲਈ 01, ਪੰਚ ਬਿੰਬਰ ਭਵਾਨੀਗੜ੍ਹ ਲਈ 01, ਪੰਚ ਫਤਿਹਗੜ੍ਹ ਭਾਦਸੋਂ ਭਵਾਨੀਗੜ੍ਹ 02, ਪੰਚ ਮਹਿਸਮਪੁਰ ਭਵਾਨੀਗੜ੍ਹ 01, ਪੰਚ ਨਾਗਰਾ ਭਵਾਨੀਗੜ੍ਹ ਲਈ 02 ਅਤੇ 02 ਪੰਚ ਤੁਰੀ ਭਵਾਨੀਗੜ੍ਹ ਲਈ ਕੇਵਲ 01(01 ਪੰਚ ਦੀ ਅਸਾਮੀ ਲਈ 01 ਅਤੇ 01 ਹੋਰ ਪੰਚ ਦੀ ਅਸਾਮੀ ਲਈ 0) ਨਾਮਜ਼ਦਗੀਆਂ ਦਾਖਲ ਹੋਈਆਂ ਹਨ। ਪੰਚ ਪਿੰਡ ਧੂਰੀ ਬਲਾਕ ਧੂਰੀ ਲਈ 01, ਪੰਚ ਸਮੁੰਦਗੜ੍ਹ ਧੂਰੀ 01, ਪੰਚ ਧੂਰਾ ਧੂਰੀ 01, ਪੰਚ ਧਾਂਦਰਾ ਧੂਰੀ ਲਈ 01 ਅਤੇ ਪੰਚ ਕਾਂਝਲਾ ਧੂਰੀ ਲਈ 01 ਨਾਮਜ਼ਦਗੀਆਂ ਦਾਖਲ ਹੋਈਆਂ ਹਨ। ਪੰਚ ਕਦਰ ਨਗਰ ਮੁਨਸ਼ੀਵਾਲਾ ਦਿੜ੍ਹਬਾ ਲਈ 02 , ਪੰਚ ਗੋਬਿੰਦਪੁਰਾ ਨਾਗਰੀ ਦਿੜ੍ਹਬਾ ਲਈ 01 ਨਾਮਜ਼ਦਗੀਆਂ ਦਾਖਲ ਹੋਈਆਂ ਹਨ। ਪੰਚ ਰਾਮਪੁਰਾ ਜਵਾਹਰਵਾਲਾ ਲਹਿਰਾਗਾਗਾ ਲਈ 03, ਪੰਚ ਗੋਬਿੰਦਪੁਰਾ ਪਾਪੜਾ ਲਹਿਰਾਗਾਗਾ ਲਈ 0, ਪੰਚ ਖਾਈ ਲਹਿਰਾਗਾਗਾ ਲਈ 01 ਨਾਮਜ਼ਦਗੀਆਂ ਦਾਖਲ ਹੋਈਆਂ ਹਨ। ਪੰਚ ਭਗਵਾਨਪੁਰਾ ਸੰਗਰੂਰ ਲਈ 01, ਪੰਚ ਖਿਲਰੀਆਂ ਸੰਗਰੂਰ 0, ਪੰਚ ਭਿੰਡਰਾਂ ਸੰਗਰੂਰ 01, ਪੰਚ ਮੰਡੇਰ ਖੁਰਦ ਸੰਗਰੂਰ 01, ਪੰਚ ਰੂਪਾਹੇੜੀ ਸੰਗਰੂਰ ਲਈ 01 ਨਾਮਜ਼ਦਗੀਆਂ ਦਾਖਲ ਹੋਈਆਂ ਹਨ। ਪੰਚ ਕਰੋਦਾ ਅੰਨਦਾਨਾ ਐਟ ਮੂਨਕ ਲਈ 01 ਅਤੇ ਪੰਚ ਫਤਿਹਗੜ੍ਹ ਸੁਨਾਮ ਲਈ 01 ਨਾਮਜ਼ਦਗੀਆਂ ਦਾਖਲ ਹੋਈਆਂ ਹਨ। ਜਿੱਥੇ 01-01 ਨਾਮਜ਼ਦਗੀ ਪ੍ਰਾਪਤ ਹੋਈ ਹੈ, ਉੱਥੇ ਸਰਬਸੰਮਤੀ ਹੋ ਗਈ ਹੈ। ਚੋਣ ਸ਼ਿਡਊਲ ਅਨੁਸਾਰ ਨਾਮਜ਼ਦਗੀ ਪੱਤਰਾਂ ਦੀ ਜਾਂਚ 18 ਜੁਲਾਈ ਨੂੰ ਹੋਵੇਗੀ ਅਤੇ ਨਾਮਜ਼ਦਗੀਆਂ ਵਾਪਸ ਲੈਣ ਦੀ ਆਖਰੀ ਮਿਤੀ 19 ਜੁਲਾਈ ਹੈ। ਪੋਲਿੰਗ 27 ਜੁਲਾਈ ਨੂੰ ਹੋਵੇਗੀ। ਵੋਟਿੰਗ ਪੂਰੀ ਹੋਣ ਤੋਂ ਬਾਅਦ ਪੋਲਿੰਗ ਸਟੇਸ਼ਨਾਂ 'ਤੇ ਵੋਟਾਂ ਦੀ ਗਿਣਤੀ ਉਸੇ ਦਿਨ ਕੀਤੀ ਜਾਵੇਗੀ। ਸਰਪੰਚ ਲਈ ਖਰਚਾ ਹੱਦ 40 ਹਜ਼ਾਰ ਰੁਪਏ ਅਤੇ ਪੰਚ ਲਈ 30 ਹਜ਼ਾਰ ਰੁਪਏ ਹੈ। ਬਲਾਕ ਭਵਾਨੀਗੜ੍ਹ ਲਈ ਐੱਸ.ਡੀ.ਓ.ਸੀਵਰੇਜ ਬੋਰਡ, ਬਲਾਕ ਧੂਰੀ ਲਈ ਈ.ਓ., ਨਗਰ ਕੌਂਸਲ (ਐਮ.ਸੀ.) ਧੂਰੀ, ਦਿੜ੍ਹਬਾ ਲਈ ਈ.ਓ., ਐਮ.ਸੀ. ਦਿੜ੍ਹਬਾ, ਲਹਿਰਾਗਾਗਾ ਲਈ ਈ.ਓ., ਐਮ.ਸੀ. ਲਹਿਰਾਗਾਗਾ, ਬਲਾਕ ਸੰਗਰੂਰ ਲਈ ਐਕਸੀਅਨ ਇੰਪਰੂਵਮੈਂਟ ਟਰੱਸਟ ਸੰਗਰੂਰ, ਅੰਨਦਾਨਾ ਐਟ ਮੂਨਕ ਲਈ ਈ.ਓ., ਐਮ.ਸੀ. ਮੂਨਕ ਅਤੇ ਬਲਾਕ ਸੁਨਾਮ ਲਈ ਈ.ਓ., ਐਮ.ਸੀ. ਸੁਨਾਮ ਨੂੰ ਰਿਟਰਨਿੰਗ ਅਫ਼ਸਰ ਨਿਯੁਕਤ ਕੀਤਾ ਗਿਆ ਹੈ।

### ਭਗਵਾਨ ਵਾਲਮੀਕਿ ਜੀ ਤੀਰਥ ਸਥਲ ਸ਼ਰਾਇਨ ਬੋਰਡ ਦੇ ਨਿਯੁਕਤ

# ਨਵੇਂ ਮੈਂਬਰ ਵਾਲਮੀਕਿ ਤੀਰਥ ਵਿਖੇ ਹੋਏ ਨਤਮਸਤਕ



**ਜੰਡਿਆਲਾ ਗੁਰੂ, 17 ਜੁਲਾਈ (ਕੁਲਵੰਤ ਸਿੰਘ ਵਿਰਦੀ)**-ਪੰਜਾਬ ਸਰਕਾਰ ਵੱਲੋਂ ਭਗਵਾਨ ਵਾਲਮੀਕਿ ਜੀ ਤੀਰਥ ਸਥਲ ਸ਼ਰਾਇਨ ਬੋਰਡ ਦੇ ਨਿਯੁਕਤ ਕੀਤੇ ਗਏ ਨਵੇਂ ਮੈਂਬਰਾਂ ਵਿੱਚ ਕੈਬਨਿਟ ਮੰਤਰੀ ਸ੍ਰ ਹਰਭਜਨ ਸਿੰਘ ਈ:ਟੀ:ਓ, ਵਿਧਾਇਕ ਹਲਕਾ ਪੱਛਮੀ ਸ੍ਰ ਜਸਬੀਰ ਸਿੰਘ ਸੰਧੂ, ਹਲਕਾ ਅਟਾਰੀ ਦੇ ਵਿਧਾਇਕ ਸ੍ਰ ਜਸਵਿੰਦਰ ਸਿੰਘ ਰਮਦਾਸ, ਹਲਕਾ ਬਾਬਾ ਬਕਾਲਾ ਦੇ ਵਿਧਾਇਕ ਸ੍ਰ ਦਲਬੀਰ ਸਿੰਘ ਟੌਂਗ, ਹਲਕਾ ਭਦੌੜ ਜਿਲ੍ਹਾ ਬਰਨਾਲਾ ਤੋਂ ਵਿਧਾਇਕ ਸ੍ਰ ਲਾਭ ਸਿੰਘ ਉਗੋਕੇ ਅੱਜ ਭਗਵਾਨ ਸ਼੍ਰੀ ਵਾਲਮੀਕ ਤੀਰਥ ਵਿਖੇ ਨਤਮਸਤਕ ਹੋਏ। ਦੱਸਣਯੋਗ ਹੈ ਕਿ ਅੰਮ੍ਰਿਤਸਰ ਜਿਲ੍ਹੇ ਦੇ ਕੈਬਨਿਟ ਮੰਤਰੀ ਸ੍ਰ ਹਰਭਜਨ ਸਿੰਘ ਈ:ਟੀ:ਓ ਤੇ ਜਿਲ੍ਹੇ ਦੇ ਵਿਧਾਇਕ ਸ ਜਸਵਿੰਦਰ ਸਿੰਘ ਰਮਦਾਸ, ਸ ਦਲਬੀਰ ਸਿੰਘ ਟੌਂਗ ਅਤੇ ਸ ਜਸਬੀਰ ਸਿੰਘ ਸੰਧੂ ਭਗਵਾਨ ਵਾਲਮੀਕਿ ਤੀਰਥ ਨਾਲ ਸ਼ੁਰੂ ਤੋ ਹੀ ਜੁੜੇ ਹੋਏ ਹਨ ਅਤੇ ਇਸ ਦੇ ਵਿਕਾਸ ਕਾਰਜਾਂ ਵਿੱਚ ਵੱਧ ਚੜ੍ਹ ਕੇ ਭਾਗ ਲੈਂਦੇ ਰਹੇ ਹਨ ।ਇਸ ਮੌਕੇ ਨਵੇਂ ਮੈਂਬਰਾਂ ਨੇ ਭਗਵਾਨ ਸ਼੍ਰੀ ਵਾਲਮੀਕ ਜੀ ਦਾ ਅਸ਼ੀਰਵਾਦ ਲਿਆ ਅਤੇ ਮੁੱਖ ਮੰਤਰੀ ਪੰਜਾਬ ਸ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਅਸੀਂ ਪੰਜਾਬ ਸਰਕਾਰ ਦੇ ਧੰਨਵਾਦੀ ਹਾਂ, ਜਿਨਾਂ ਨੇ ਸਾਨੂੰ ਇਸ ਪਵਿੱਤਰ ਸਥਾਨ ਦੀ ਸੇਵਾ ਦਾ ਮੌਕਾ ਦਿੱਤਾ ਹੈ। ਇਸ ਮੌਕੇ ਬੋਰਡ ਵੱਲੋਂ ਸ੍ਰੀ ਪਲਵ ਸ੍ਰੇਸ਼ਟਾ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

### ਐਸ ਐਚ ਓ ਤੂਰ ਦੀ ਅਗਵਾਈ ਹੇਠ ਪੁਲਿਸ ਪਾਰਟੀ ਨੇ 150 ਗ੍ਰਾਮ ਹੀਰੋਇਨ ਬਰਾਮਦ ਕੀਤੀ

# ਕਿਸੇ ਵੀ ਨਸਾ ਤਸਕਰ ਨੂੰ ਬਖਸ਼ਿਆ ਨਹੀਂ ਜਾਵੇਗਾ-ਐਸਐਚਓ ਤੂਰ

**ਧੂਰੀ ( ਰਣਜੀਤ ਸਿੰਘ ਪੇਧਨੀ )**-ਪੰਜਾਬ ਦੇ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਸਰਕਾਰ ਵੱਲੋਂ ਚਲਾਈ ਮੁਹਿਮ ਯੁੱਧ ਨੱਸਿਆ ਵਿਰੁੱਧ ਵਿਸੇਸ ਮੁਹਿਮ ਵਿੱਢੀ ਗਈ ਹੈ। ਜਿਸ ਤਹਿਤ ਧੂਰੀ ਸਿਟੀ ਦੇ ਐਸ ਐਚ ਓ ਜਸਵੀਰ ਸਿੰਘ ਤੂਰ ਦੀ ਅਗਵਾਈ ਹੇਠ ਪੁਲਿਸ ਪਾਰਟੀ ਸਮੇਤ ਸੁਖਵਿੰਦਰ ਸਿੰਘਬਾਜ਼ੀਗਰ ਬਸਤੀ ਧੂਰੀਅਤੇ ਬਿੱਟੂ ਸਿੰਘ ਰੋਟੀਆਂ ਛੰਨਾਂ ਨਾਭਾ ਨੂੰ ਗ੍ਰਿਫਤਾਰ ਕਰਕੇ ਉਹਨਾਂ ਪਾਸੋਂ 150 ਗ੍ਰਾਮ ਹੀਰੋਇਨ ਬਰਾਮਦ ਕੀਤੀ ਗਈ। ਮੁਲਜ਼ਮਾਂ ਖਿਲਾਫ਼ ਐਫ,ਆਰ,ਆਈ ਨੰਬਰ 30 ਯੂ,ਐਸ,21/61/85 ਐਨ,ਡੀ,ਪੀ,ਐਸ ਦੇ ਤਹਿਤ ਮੁਕਦਮਾ ਦਰਜ ਕੀਤਾ ਗਿਆ।ਇਸ ਮੌਕੇ ਚੋਣਵੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਸਐਚਓ ਜਸਬੀਰ ਸਿੰਘ ਤੂਰ ਨੇ ਦੱਸਿਆ ਹੈ ਕਿ ਕੁਝ ਨਸ਼ੇੜੀ ਅਤੇ ਸ਼ਰਾਰਤੀ ਅਨਸਰ ਆਪਣੇ ਨਸ਼ੇ ਦੀ ਪੂਰਤੀ ਲਈ ਚੋਰੀ ਅਤੇ ਲੁੱਟਾਂ ਖੋਹਾਂ ਦੀਆਂ ਘਟਨਾਵਾਂ ਕਰਦੇ ਹਨ, ਜਿਸ ਪਾਸੇ ਲੋਕਾਂ ਨੂੰ ਧਿਆਨ ਦੇਣਾ ਚਾਹੀਦਾ ਹੈ ਕਿਉਂਕਿ ਲੋਕਾਂ ਦੇ ਸਹਿਯੋਗ ਤੋਂ ਬਗੈਰ ਪੁਲਿਸ ਕਾਮਯਾਬ ਨਹੀਂ ਹੋ ਸਕਦੀ। ਉਨ੍ਹਾਂ ਕਿਹਾ ਕਿ ਵਿਅਕਤੀ ਨਸ਼ਾ ਛੱਡਣਾ ਚਾਹੁੰਦੇ ਹਨ ਪੁਲਿਸ ਵਲੋਂ ਉਨ੍ਹਾਂ ਨੂੰ ਵਿਸ਼ੇਸ਼ ਸਹਿਯੋਗ ਦੇ ਕੇ ਨਸ਼ਾ ਛੁਡਾਉ ਕੇਂਦਰਾਂ ਵਿਚ ਭਰਤੀ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਮਾੜੇ ਅਨਸਰ ਆਪਣੀਆਂ ਹਰਕਤਾਂ ਤੋਂ ਬਾਜ਼ ਆ ਜਾਣ ਨਹੀਂ ਤਾਂ ਕਾਬੂ ਕਰਕੇ ਸਲਾਖਾਂ ਪਿੱਛੇ ਭੇਜਿਆ ਜਾਵੇਗਾ।



### ਬੀਡੀਪੀਓ ਦਫਤਰ ਤਰਸਿੱਕਾ ਦੂਸਰੇ ਦਿਨ ਵੀ ਧਰਨਾ ਰਿਹਾ ਜਾਰੀ

# ਨਾਮਜਦਗੀ ਪੱਤਰ ਦਾਖਲ ਹੋਣ ਤੋਂ ਬਾਅਦ ਧਰਨਾ ਸਮਾਪਤ

**ਚੌਂਕ ਮਹਿਤਾ, 17 ਜੁਲਾਈ ( ਬਾਬਾ ਸੁਖਵੰਤ ਸਿੰਘ ਚੰਨਣਕੇ)** -ਹਲਕਾ ਮਜੀਠਾ ਦੇ ਬਲਾਕ ਤਰ ਸਿੱਕਾ ਪਿੰਡ ਕਲੇਰ ਬਾਲਾ ਸਰਪੰਚੀ ਦੀ ਚੋਣ ਨੇ ਇਲੈਕਸ਼ਨ ਲੜਨ ਵਾਲੇ ਚਾਹਵਾਨ ਸੱਜਣਾ ਨੂੰ ਦੁਚਿੱਤੀ ਵਿੱਚ ਪਾ ਦਿੱਤਾ ਹੈ ਕਿ ਸਿਆਸੀ ਸਹਿਤ ਪਿਛਲੀਆਂ ਸਰਕਾਰਾਂ ਵਾਂਗੂ ਜਿਹੜੀ ਆਮ ਘਰਾਂ ਵਿੱਚੋਂ ਸਰਕਾਰ ਚੱਲਣ ਦਾ ਦਾਅਵਾ ਕਰਦੀ

**ਆਮ ਆਦਮੀ ਪਾਰਟੀ ਦੀ ਸਿਆਸੀ ਸ਼ਿਹ ਤੇ ਨਾਮਜਦਗੀ ਪੱਤਰ ਰੱਦ ਹੋਣ ਦਾ ਖਤਰਾ ਸਿਰ ਤੇ ਮਹਿਸੂਸ ਕਰ ਰਹੇ ਨੇ ਪੰਚ ਤੇ ਸਰਪੰਚ**

ਸੀ ਉਸਦੇ ਨਵ ਅਹੁਦੇਦਾਰ ਪਿਛਲੀਆਂ ਸਰਕਾਰਾਂ ਦੇ ਤਜਰਬੇ ਚੋਂ ਅਫਸਰਸ਼ਾਹੀ ਉੱਤੇ ਦਬਦਬਾ ਬਣਾ ਕੇ ਤੇ ਨਾਮਜਦਗੀ ਪੱਤਰ ਰੱਦ ਕਰਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ ਇਸ ਨਾਲ ਪਿੰਡਾਂ ਦਾ ਭਾਈਚਾਰਾ ਤਾਂ ਤਹਸ਼ਨੈਸ਼ ਹੁੰਦਾ ਹੀ ਹੈ ਜਿਸ ਨਾਲ ਪਿੰਡ ਦੇ ਵਿਕਾਸ ਦੀ ਕੋਈ ਆਸ ਨਹੀਂ ਰੱਖੀ ਜਾ ਸਕਦੀ ਅਸੀਂ ਮਜੀਠਾ ਦੇ ਨਵ ਲੱਗੇ ਹਲਕਾ ਇੰਚਾਰਜ ਨੂੰ ਮੁੜ ਵਿਚਾਰ ਕਰਨ ਲਈ ਰਾਏ ਦਿੰਦੇ ਹਾਂ ਸੱਤਾ ਦੇ ਲਾਲਚ ਵਿੱਚ ਭਰਾ ਮਾਰੂ ਜੰਗ ਨਾ ਛੇੜੀ ਜਾਵੇ ਅਗਰ ਨਾਮਜਦਗੀ ਪੱਤਰ ਵਿੱਚ ਬਿਨਾਂ ਵਜਾ ਪ੍ਰਸ਼ਾਸਨ ਵੱਲੋਂ ਸਿਆਸੀ ਸਹਿਤ ਕੋਈ ਛੇੜ ਛੜ ਕੀਤੀ ਗਈ ਤਾਂ ਆਮ ਆਦਮੀ ਪਾਰਟੀ ਨੂੰ ਲੋਕਾਂ ਦੇ ਰੋਸ ਦਾ ਸਾਹਮਣਾ ਕਰਨਾ ਪਵੇਗਾ ਇਸ ਮੌਕੇ ਬਲਾਕ ਤਰਸਿਕਾ ਬੀਡੀਪੀਓ ਦਫਤਰ ਵਿਖੇ ਮੇਜਰ ਸਿੰਘ ਸਾਬਕਾ ਚੇਅਰਮੈਨ ਮੰਗਲ ਸਿੰਘ ਭਗਤ ਦਲਜੀਤ ਸਿੰਘ ਲਵਪ੍ਰੀਤ ਸਿੰਘ ਸਰਬਜੀਤ ਸਿੰਘ ਬਲਕਾਰ ਸਿੰਘ ਲੰਬਰਦਾਰ ਤਰਲੋਕ ਸਿੰਘ ਅਤੇ ਔਰਤਾਂ ਨੇ ਵੀ ਹਿੱਸਾ ਲਿਆ।



# ਪਰਾਲੀ ਦੀ ਅੱਗ ਦੀਆਂ ਘਟਨਾਵਾਂ ਨੂੰ ਰੋਕਣ ਲਈ ਗਠਿਤ ਕੀਤੀ ਜਾਵੇਗੀ ਪਰਾਲੀ ਪ੍ਰੋਕਸ਼ਨ ਫੋਰਸ-ਡਿਪਟੀ ਕਮਿਸ਼ਨਰ

### ਕਿਸਾਨਾਂ ਦੀ ਮਦਦ ਲਈ ਬਣਾਇਆ ਜਾਵੇਗਾ ਕਾਲ ਸੈਂਟਰ




**ਜੰਡਿਆਲਾ ਗੁਰੂ, 17 ਜੁਲਾਈ ( ਕੁਲਵੰਤ ਸਿੰਘ ਵਿਰਦੀ )**-ਡਿਪਟੀ ਕਮਿਸ਼ਨਰ ਸ਼੍ਰੀਮਤੀ ਸਾਕਸ਼ੀ ਸਾਹਨੀ ਨੇ ਆਉਣ ਵਾਲੇ ਝੋਨੇ ਦੇ ਸੀਜਨ ਪਰਾਲੀ ਦੀ ਅੱਗ ਦੀਆਂ ਘਟਨਾਵਾਂ ਨੂੰ ਰੋਕਣ ਲਈ ਅਧਿਕਾਰੀਆਂ ਨਾਲ ਮੀਟਿੰਗ ਕਰਦੇ ਹੋਏ ਨਿਰਦੇਸ਼ ਦਿੱਤੇ ਕਿ ਜ਼ਿਲ੍ਹੇ ਵਿਚ ਪਰਾਲੀ ਦੀ ਅੱਗ ਨੂੰ ਰੋਕਣ ਲਈ ਪਰਾਲੀ ਪ੍ਰੋਟੈਕਸ਼ਨ ਫੋਰਸ ਗਠਿਤ ਕੀਤੀ ਜਾਵੇਗੀ ਜੋ ਹਰੇਕ ਪਿੰਡ ਪੱਧਰ ਤੱਕ ਅੱਗ ਦੀਆਂ ਘਟਨਾਵਾਂ ਨੂੰ ਰੋਕਣ ਲਈ ਕੰਮ ਕਰੇਗੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਮੈਡਮ ਸਾਹਨੀ ਨੇ ਕਿਹਾ ਕਿ ਸ਼ੀਜਨ ਦੋਰਾਨ ਪਰਾਲੀ ਨੂੰ ਸਾੜਨ ਤੋ ਰੋਕਣ ਲਈ ਸਾਡੇ ਵਲੋ ਕੀਤੀਆਂ ਕੋਸ਼ਿਸਾਂ ਤਾਂ ਹੀ ਕਾਮਯਾਬ ਹੋ ਸਕਦੀਆਂ ਹਨ ਜੇਕਰ ਪਰਾਲੀ ਨੂੰ ਵਰਤੋ ਵਿਚ ਲਿਆਉਣ ਵਾਲੀਆਂ ਇਕਾਈਆਂ ਇਸ ਦੀ ਸਹੀ ਵਰਤੋ ਕਰਨ।ਡਿਪਟੀ ਕਮਿਸ਼ੰਨਰ ਨੇ ਕਿਹਾ ਕਿ ਸਾਡੀ ਕੋਸ਼ਿਸ ਹੈ ਕਿ ਆਉਣ ਵਾਲੇ ਝੋਨੇ ਦੇ ਸ਼ੀਜਨ ਦੋਰਾਨ ਪਰਾਲੀ ਨੂੰ ਸਟੋਰ ਕਰਨ ਵਾਲੇ ਵੱਧ ਤੋ ਵੱਧ ਸਥਾਨ ਮੁਹੱਈਆ ਕਰਵਾਏ ਜਾਣ। ਉਨ੍ਹਾਂ ਮੁੱਖ ਖੇਤੀਬਾੜੀ ਅਧਿਕਾਰੀ ਨੂੰ ਕਿਹਾ ਕਿ ਅੱਗ ਦੀਆਂ ਘਟਨਾਵਾਂ ਨੂੰ ਰੋਕਣ ਲਈ ਇਕ ਕਾਲ ਸੈਟਰ ਸਥਾਪਤ ਕੀਤਾ ਜਾਵੇ,ਜਿਸ ਸੈਟਰ ਤੋ ਕਿਸਾਨਾਂ ਨੂੰ ਮੁਹੱਈਆ ਕਰਵਾਈ ਜਾਣ ਵਾਲੀ ਮਸ਼ੀਨਾਂ ਦੀ ਜਾਣਕਾਰੀ ਮੁਹੱਈਆ ਹੋ ਸਕੇ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਹਰੇਕ ਪਿੰਡ ਪੱਧਰ ਤੇ ਕੈਪ ਲਗਾਏ ਜਾਣ ਅਤੇ ਉਨ੍ਹਾਂ ਨੂੰ ਪਰਾਲੀ ਨੂੰ ਅੱਗ ਲਗਾਉਣ ਨਾਲ ਹੋਣ ਵਾਲੇ ਨੁਕਸ਼ਾਨਾਂ ਤੋ ਜਾਣੂ ਕਰਵਾਇਆ ਜਾਵੇ। ਡਿਪਟੀ ਕਮਿਸ਼ਨਰ ਨੇ ਸਮੂਹ ਐਸ.ਡੀ.ਐਮਜ ਨੂੰ ਹਦਾਇਤ ਕਰਦਿਆਂ ਕਿਹਾ ਕਿ ਉਹ ਹਰ ਪਿੰਡ ਪੱਧਰ ਤੱਕ ਕਿਸਾਨਾਂ ਨਾਲ ਮੀਟਿੰਗ ਕਰਨ ਅਤੇ ਸਮਝਾਉਣ ਕਿ ਅੱਗ ਲੱਗਣ ਨਾਲ ਕਈ ਤਰ੍ਹਾਂ ਦੀਆਂ ਬੀਮਾਰੀਆਂ ਫੈਲਦੀਆਂ ਹਨ ਅਤੇ ਧਰਤੀ ਦੇ ਮਿੱਤਰ ਕੀੜੇ ਵੀ ਨਸ਼ਟ ਹੋ ਜਾਂਦੇ ਹਨ,ਜਿਸ ਨਾਲ ਫ਼ਸਲ ਦੇ ਝਾੜ ਨੂੰ ਵੀ ਕਾਫੀ ਫਰਕ ਪੈਦਾ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਨੰਬਰਦਾਰਾਂ ਨੂੰ ਵੀ ਸਹੁੰ ਚੁਕਾਈ ਜਾ ਰਹੀ ਹੈ ਕਿ ਉਹ ਜਿਵੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਲੋਕਾਂ ਨੂੰ ਜਾਗਰੂਕ ਕਰ ਰਹੇ ਹਨ,ਉਸੇ ਤਰਾਂ ਹੀ ਹਰੇਕ ਪਿੰਡ ਪੱਧਰ ਤੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਵੀ ਜਾਗਰੂਕ ਕਰਨ। ਮੀਟਿੰਗ ਦੋਰਾਨ ਮੁੱਖ ਖੇਤੀਬਾੜੀ ਅਧਿਕਾਰੀ ਸ:ਬਲਜਿੰਦਰ ਸਿੰਘ ਭੁੱਲਰ ਨੇ ਦੱਸਿਆ ਕਿ ਕਿਸਾਨਾਂ ਨੂੰ 4316 ਮਸ਼ੀਨਾਂ ਜਿਸ ਵਿਚ ਸੁਪਰ ਸੀਡਰ,ਹੈਪੀ ਸੀਡਰ, ਸਮਾਰਟ ਸੀਡਰ, ਮਲਚਰ,ਬੇਲਰ ਅਤੇ ਉਲਟਾਵੇ ਹੱਲ ਮੁਹੱਈਆ ਕਰਵਾਏ ਗਏ ਹਨ ਅਤੇ ਇਸ ਤੋ ਇਲਾਵਾ ਹੋਰ ਵੀ ਮਸ਼ੀਨਾਂ ਦਿੱਤੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਛੋਟੇ ਤੇ ਸੀਮਾਂਤ ਕਿਸਾਨਾਂ ਨੂੰ ਹਰੇਕ ਬਲਾਕ ਪੱਧਰ ਤੇ 2 ਸੁਪਰ ਸੀਡਰ ਅਤੇ 17 ਜੀਰੋ ਟਿਲ ਡਰਿਲ ਮਸ਼ੀਨਾਂ ਵੀ ਮੁਹੱਈਆ ਕਰਵਾ ਦਿੱਤੀਆਂ ਗਈਆਂ ਹਨ।ਖੇਤੀਬਾੜੀ ਅਧਿਕਾਰੀ ਨੇ ਦੱਸਿਆ ਕਿ ਜ਼ਿਲ੍ਹੇ ਵਿਚ 187 ਕਿਸਾਨ ਜਾਗਰੂਕਤਾ ਕੈਪ ਵੀ ਲਗਾਏ ਜਾਣਗੇ ਜਿਥੇ ਕਿਸਾਨਾਂ ਨੂੰ ਪਰਾਲੀ ਦੀ ਅੱਗ ਤੋ ਹੋਣ ਵਾਲੇ ਨੁਕਸਾਨਾਂ ਬਾਰੇ ਜਾਗਰੂਕ ਕੀਤਾ ਜਾਵੇਗਾ। ਇਸ ਮੀਟਿੰਗ ਵਿਚ ਵਧੀਕ ਡਿਪਟੀ ਕਮਿਸ਼ਨਰ ਸ਼੍ਰੀ ਰੋਹਿਤ ਗੁਪਤਾ, ਐਸ.ਡੀ.ਐਮ-1 ਸ: ਗੁਰਸਿਮਰਨ ਸਿੰਘ, ਐਸ.ਡੀ.ਐਮ-2 ਸ: ਮਨਕੰਵਲ ਸਿੰਘ ਚਾਹਲ, ਐਸ.ਡੀ.ਐਮ ਅਜਨਾਲਾ ਸ: ਰਵਿੰਦਰ ਸਿੰਘ ਅਰੋੜਾ, ਐਸ.ਡੀ.ਐਮ ਬਾਬਾ ਬਕਾਲਾ ਸ: ਅਮਨਦੀਪ ਸਿੰਘ, ਐਸ.ਡੀ.ਐਮ ਲੋਪੋਕੇ ਸ਼੍ਰੀ ਸੰਜੀਵ ਕੁਮਾਰ, ਐਕਸੀਅਨ ਪ੍ਰਦੂਸ਼ਨ ਬੋਰਡ ਸ਼੍ਰੀ ਸੁਖਦੇਵ ਸਿੰਘ ਤੋ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਅੰਮ੍ਰਿਤਸਰ ਦੇ ਗੋਲਡਨ ਗੇਟ ਤੇ ਛੋਟੇ ਬੱਚਿਆਂ ਕੋਲੋਂ ਭੀਖ ਮੰਗਵਾਉਣ ਵਾਲਿਆਂ ਖਿਲਾਫ ਸੋਨੂੰ ਜੰਡਿਆਲਾ ਵੱਲੋਂ ਕੀਤੀ ਸ਼ਿਕਾਇਤ ਤੇ ਜ਼ਿਲ੍ਹਾ ਪ੍ਰਸ਼ਾਸਨ ਨੇ ਕੀਤੀ ਕਾਰਵਾਈ

### ਬੱਚਿਆਂ ਕੋਲੋਂ ਭੀਖ ਮੰਗਾਉਣ ਵਾਲਿਆਂ ਨੂੰ ਲਿਆ ਹਿਰਾਸਤ ਵਿੱਚ ਹੋਵੇਗਾ ਡੀਐਨਏ ਟੈਸਟ ਸੋਨੂੰ ਜੰਡਿਆਲਾ

**ਜੰਡਿਆਲਾ ਗੁਰੂ, 17 ਜੁਲਾਈ ( ਕੁਲਵੰਤ ਸਿੰਘ ਵਿਰਦੀ )**-ਸ੍ਰੀ ਅੰਮ੍ਰਿਤਸਰ ਸਾਹਿਬ ਦੀਆਂ ਲਾਈਟਾਂ ਤੇ ਚੌਂਕਾਂ ਦੇ ਵਿੱਚ ਛੋਟੇ ਛੋਟੇ ਬੱਚਿਆਂ ਕੋਲੋਂ ਭੀਖ ਮੰਗਾਉਣ ਵਾਲਿਆਂ ਦੇ ਖਿਲਾਫ ਸਰਕਾਰ ਤੇ ਪ੍ਰਸ਼ਾਸਨ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚ ਵੱਡਾ ਐਕਸ਼ਨ ਲਿਆ ਹੈ ਜਿਸ ਵਿੱਚ ਬੀਤੇ ਦਿਨ ਸਮਾਜ ਸੇਵੀ ਤੇ ਸਿੱਖ ਆਗੂ ਸਰਬਜੀਤ ਸਿੰਘ ਸੋਨੂੰ ਜੰਡਿਆਲਾ ਨੇ ਸਰਕਾਰ ਤੇ ਜਿਲ੍ਹੇ ਦੇ ਡੀਸੀ ਸਾਬ ਨੂੰ ਇੱਕ ਸ਼ਿਕਾਇਤ ਕੀਤੀ ਸੀ ਜਿਸ ਵਿੱਚ ਮੰਗ ਕੀਤੀ ਸੀ ਕਿ ਛੋਟੇ ਛੋਟੇ ਬੱਚਿਆਂ ਤੋਂ ਭੀਖ ਮੰਗਵਾਉਣ ਵਾਲਿਆਂ ਦੇ ਖਿਲਾਫ ਕਾਰਵਾਈ ਕੀਤੀ ਜਾਵੇ ਤੇ ਇਹਨਾਂ ਦਾ ਡੀਐਨਏ ਟੈਸਟ ਕਰਵਾਇਆ ਜਾਵੇ ਜੋ ਕਿ ਕੱਲ੍ਹ ਪੰਜਾਬ ਸਰਕਾਰ ਨੇ ਡੀਐਨਏ ਟੈਸਟ ਕਰਵਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ ਤੇ ਜਿਲ੍ਹਾ ਪ੍ਰਸਾਸਨ ਦੇ ਨਾਲ ਸਮਾਜ ਸੇਵੀ ਤੇ ਸਿੱਖ ਆਗੂ ਸੋਨੂੰ ਜੰਡਿਆਲਾ ਨੇ ਅੱਜ ਜਾ ਕੇ ਗੋਲਡਨ ਗੇਟ ਤੇ ਆਪਣੇ ਸਾਥੀਆਂ ਸਮੇਤ ਭੀਖ ਮੰਗਵਾਉਣ ਵਾਲਿਆਂ ਨੂੰ ਗ੍ਰਿਫਤਾਰ ਕਰਵਾਇਆ ਤੇ ਜ਼ਿਲ੍ਹਾ ਪ੍ਰਸ਼ਾਸਨ ਨੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਵਿੱਚ ਚਾਰ ਬੱਚੇ ਦੋ ਔਰਤਾਂ ਤੇ ਇੱਕ ਆਦਮੀ ਜੋ ਮੁਖੀ ਸੀ ਉਹਨਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਤੇ ਅਗਲੀ ਕਾਰਵਾਈ ਦੇ ਲਈ ਬਾਲ ਵਿਭਾਗ ਕਮੇਟੀ ਦੇ ਸਾਹਮਣੇ ਪੇਸ਼ ਕੀਤਾ ਜਾਵੇਗਾ।





ਅੱਜ ਚੰਡੀਗੜ੍ਹ ਵਿਖੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਜੀ ਨੂੰ ਆਈਆਂ ਧਮਕੀ ਵਾਲੀਆਂ ਈ-ਮੇਲਜ਼ ਨੂੰ ਲੈ ਕੇ

# ਪੰਜਾਬ ਪੁਲਿਸ ਦੇ ਉੱਚ ਅਧਿਕਾਰੀਆਂ ਨਾਲ ਹਾਈ-ਲੈਵਲ ਮੀਟਿੰਗ ਕੀਤੀ



**ਚੰਡੀਗੜ੍ਹ, 17 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਅਸੀਂ ਪੰਜਾਬ ਦੀ ਸੁਰੱਖਿਆ ਨਾਲ ਕੋਈ ਸਮਝੌਤਾ ਨਹੀਂ ਹੋਣ ਦਿਆਂਗੇ। ਸਾਡੀਆਂ ਸੁਰੱਖਿਆ ਏਜੰਸੀਆਂ ਅਤੇ ਪੰਜਾਬ ਪੁਲਿਸ ਪੂਰੀ ਤਰ੍ਹਾਂ ਮੁਸਤੈਦ ਹਨ। ਮੈਂ ਪੰਜਾਬ ਵਾਸੀਆਂ ਨੂੰ ਅਪੀਲ ਕਰਦਾ ਹਾਂ ਕਿ ਉਹ ਅਫ਼ਵਾਹਾਂ ਤੋਂ ਸੁਚੇਤ ਰਹਿਣ। ਸਾਰੇ ਧਰਮਾਂ ਦੇ ਧਾਰਮਿਕ ਅਸਥਾਨ ਸਾਡੇ ਲਈ ਪਵਿੱਤਰ ਤੇ ਪੂਜਨਯੋਗ ਹਨ, ਅਸੀਂ ਇਹਨਾਂ ਦੀ ਸੁਰੱਖਿਆ ਲਈ ਪੂਰੀ ਤਰ੍ਹਾਂ ਵਚਨਬੱਧ ਹਾਂ। ਦੇਸ਼ ਅਤੇ ਸਮਾਜ ਵਿਰੋਧੀ ਤਾਕਤਾਂ ਨਾਲ ਪੂਰੀ ਸਖ਼ਤੀ ਨਾਲ ਨਜਿੱਠਿਆ ਜਾਵੇਗਾ।

ਅੱਜ ਐਸ. ਐਸ. ਪੀ. ਯੂ. ਟੀ. ਚੰਡੀਗੜ੍ਹ ਨੂੰ ਚਿੱਠੀ ਲਿਖ ਕੇ

# ਵਿਜੀਲੈਂਸ ਬਿਊਰੋ ਦੇ ਅਧਿਕਾਰੀਆਂ ਖਿਲਾਫ਼ ਫੌਜਦਾਰੀ ਮਾਮਲਾ ਦਰਜ ਕਰਨ ਦੀ ਮੰਗ




**ਚੰਡੀਗੜ੍ਹ, 17 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਅੱਜ ਐਸ. ਐਸ. ਪੀ. ਯੂ. ਟੀ. ਚੰਡੀਗੜ੍ਹ ਨੂੰ ਚਿੱਠੀ ਲਿਖ ਕੇ ਵਿਜੀਲੈਂਸ ਬਿਊਰੋ ਦੇ ਅਧਿਕਾਰੀਆਂ ਖਿਲਾਫ਼ ਫੌਜਦਾਰੀ ਮਾਮਲਾ ਦਰਜ ਕਰਨ ਦੀ ਮੰਗ ਕੀਤੀ। ਜ਼ਿਕਰਯੋਗ ਹੈ ਕਿ 25 ਜੂਨ 2025 ਨੂੰ ਸਵੇਰੇ 10.15 ਵਜੇ 20 ਦੇ ਕਰੀਬ ਸਿਵਲ ਕੱਪੜਿਆਂ ਵਿੱਚ ਅਧਿਕਾਰੀ ਮੇਰੀ ਸੈਕਟਰ 4 ਸਥਿਤ ਕੋਠੀ ਨੰਬਰ 39 ਵਿਚਲੀ ਸਰਕਾਰੀ ਰਿਹਾਇਸ਼ ਵਿਖੇ ਦਾਖਲ ਹੋਏ। ਉਸ ਸਮੇਂ ਮੇਰੀ ਰਿਹਾਇਸ਼ 'ਤੇ ਮੇਰੇ ਬਜ਼ੁਰਗ ਅਤੇ ਬਿਮਾਰ ਮਾਤਾ ਜੀ ਅਤੇ ਘਰੇਲੂ ਨੌਕਰ ਮੌਜੂਦ ਸਨ। ਐਸ. ਐਸ. ਪੀ. ਅਰੁਣ ਸੈਨੀ ਦੀ ਅਗਵਾਈ ਵਿੱਚ ਵਿਜੀਲੈਂਸ ਅਧਿਕਾਰੀਆਂ ਨੇ ਮੇਰੇ ਘਰ ਦੀ ਤਲਾਸ਼ੀ ਲਈ ਅਲਮਾਰੀਆਂ ਦੇ ਦਰਾਜ਼ ਖੋਲੇ, ਘਰ ਦਾ ਸਮਾਨ ਇਧਰ ਉਧਰ ਸੁੱਟਿਆ, ਇਥੋਂ ਤੱਕ ਕਿ ਮੇਰੇ ਪਰਸ ਵੀ ਫਰੋਲੇ ਗਏ। ਜਦੋਂ ਸਾਡੇ ਵਕੀਲ ਸਾਬ੍ਹ ਨੇ ਜਾ ਕੇ ਵਿਜੀਲੈਂਸ ਅਧਿਕਾਰੀਆਂ ਕੋਲੋਂ ਪਛਾਣ ਪੱਤਰ ਅਤੇ ਸਰਚ ਵਾਰੰਟ ਮੰਗੇ ਤਾਂ ਅਧਿਕਾਰੀਆਂ ਨੇ ਪਛਾਣ ਵਿਖਾਉਣ ਤੋਂ ਇਨਕਾਰ ਕਰ ਦਿੱਤਾ ਅਤੇ ਸਿਰਫ਼ ਅਰੁਣ ਸੈਨੀ ਨੇ ਆਪਣੀ ਪਛਾਣ ਦੱਸੀ ਪਰ 94 ਕਾਰਡ ਨਹੀਂ ਦਿਖਾਇਆ। ਮੈਂ ਮੰਗ ਕੀਤੀ ਹੈ ਕਿ ਗੈਰ ਕਾਨੂੰਨੀ ਤਰੀਕੇ ਨਾਲ ਮੇਰੇ ਘਰ ਅੰਦਰ ਦਾਖਲ ਹੋਣ ਅਤੇ ਕਾਨੂੰਨ ਦੀ ਉਲੰਘਣਾ ਕਰਨ ਕਰਕੇ ਧਾਰਾ 329, 330, 331, 332, 333,198, 201 ਅਤੇ 61(2) ਦੇ ਅਧੀਨ ਮਾਮਲਾ ਦਰਜ ਕੀਤਾ ਜਾਵੇ। ਜ਼ਬਰਦਸਤੀ ਮੇਰੇ ਘਰ ਅੰਦਰ ਦਾਖਲ ਹੋਣ, ਬਿਨਾਂ ਵਾਰੰਟ ਤਲਾਸ਼ੀ ਲੈਣ ਅਤੇ ਨਜਾਇਜ਼ ਤਰੀਕੇ ਨਾਲ ਘਰੇਲੂ ਮੁਲਾਜ਼ਮਾਂ ਨੂੰ ਡਰਾਉਣ ਧਮਕਾਉਣ ਲਈ ਪੰਜਾਬ ਪੁਲਿਸ ਅਤੇ ਵਿਜੀਲੈਂਸ ਬਿਊਰੋ ਦੇ ਅਧਿਕਾਰੀਆਂ ਖਿਲਾਫ਼ ਤੁਰੰਤ ਕਾਰਵਾਈ ਕੀਤੀ ਜਾਵੇ ਤਾਂ ਜੋ ਸਾਨੂੰ ਇਨਸਾਫ਼ ਮਿਲ ਸਕੇ।

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੂੰ ਮਿਲ ਰਹੀਆਂ ਧਮਕੀਆਂ

## ☛ ਇਹ ਸਿਰਫ਼ ਈਮੇਲਾਂ ਨਹੀਂ, ਸਿੱਖ ਆਸਥਾ, ਪੰਜਾਬੀਅਤ ਅਤੇ ਰਾਸ਼ਟਰੀ ਅਖੰਡਤਾ ਉੱਤੇ ਖੁੱਲ੍ਹਾ ਹਮਲਾ : ਪ੍ਰੋ. ਸਰਚਾਂਦ ਸਿੰਘ ਖਿਆਲਾ ☛ ਸੱਚਖੰਡ ਨੂੰ ਉਡਾਉਣ ਦੀ ਧਮਕੀ ਮਿਲ ਰਹੀ ਹੋਵੇ, ਤਾਂ ਵੀ ਮੁੱਖ ਮੰਤਰੀ ਦਾ ਦਿਲ ਸ੍ਰੀ ਦਰਬਾਰ ਸਾਹਿਬ ਪ੍ਰਤੀ ਬੇਰੁਖ਼ੀ ਕਿਉਂ ਹੈ ?



**ਅੰਮ੍ਰਿਤਸਰ, 17 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਨੂੰ ਨਿਸ਼ਾਨਾ ਬਣਾਉਂਦਿਆਂ ਦਿੱਤੀਆਂ ਜਾ ਰਹੀਆਂ ਧਮਕੀਆਂ ਦੀ ਸਖ਼ਤ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਸਿੱਖ ਧਰਮ ਦੀਆਂ ਰਹੁ ਰੀਤਾਂ, ਰੂਹਾਨੀਅਤ, ਸਾਂਝੀਵਾਲਤਾ ਅਤੇ ਮਨੁੱਖੀ ਆਸਥਾ ਦਾ ਉਹ ਕੇਂਦਰ ਹੈ, ਜਿੱਥੇ ਪਿਛਲੀਆਂ ਚਾਰ ਸਦੀਆਂ ਤੋਂ ਕੀਰਤਨ ਪਰਵਾਹ ਰਾਹੀਂ ਪਰਮਾਤਮਾ ਦਾ ਨਿਰੰਤਰ ਜੱਸ ਗਾਇਆ ਜਾ ਰਿਹਾ ਹੈ। ਇਹ ਉਹ ਆਕਰਸ਼ਣ ਦਾ ਕੇਂਦਰ ਤੀਰਥ ਅਸਥਾਨ ਹੈ ਜਿੱਥੇ ਕੇਵਲ ਸਿੱਖ ਹੀ ਨਹੀਂ ਹੋਰ ਧਰਮਾਂ ਦੇ ਉਹ ਲੋਕ ਜੋ ਧਾਰਮਿਕ ਬਿਰਤੀ ਵਾਲੇ ਹਨ ਉਹ ਇਸਦੇ ਦਰਸ਼ਨਾਂ ਦਾ ਤਾਂਘ ਰੱਖਦਾ ਹੈ । ਸਿੱਖ ਇਤਿਹਾਸ ਦਾ ਅੱਧਾ ਹਿੱਸਾ ਇਸਦੇ ਆਲ਼ੇ ਦੁਆਲੇ ਘੁੰਮਦਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਦੀ ਸੁਰੱਖਿਆ ਵਿਚ ਕੋਈ ਵੀ ਨਿੱਕੀ ਜਿਹੀ ਚੂਕ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਨਕਾਰਾਤਮਿਕ ਨਤੀਜੇ ਲਿਆਉਣਗੇ।

ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਇੱਕ ਪਾਸੇ ਕੇਜਰੀਵਾਲ ਅਤੇ ਭਗਵੰਤ ਮਾਨ ਪੰਜਾਬ ਵਿਧਾਨ ਸਭਾ ਵਿੱਚ ਧਾਰਮਿਕ ਭਾਵਨਾਵਾਂ ਦਾ ਸਹਾਰਾ ਲੈਂਦੇ ਹੋਏ "ਪਵਿੱਤਰ ਗ੍ਰੰਥਾਂ ਦੇ ਅਪਮਾਨ ਦੀ ਰੋਕਥਾਮ ਬਿੱਲ" ਪੇਸ਼ ਕਰ ਰਹੇ ਹਨ, ਤਾਂ ਦੂਜੇ ਪਾਸੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੂੰ ਉਡਾਉਣ ਵਾਲੀਆਂ 5 ਧਮਕੀ ਭਰੀਆਂ ਈਮੇਲਾਂ ਦੇ ਬਾਵਜੂਦ ਅੱਜ ਚੌਥੇ ਦਿਨ ਤੱਕ ਵੀ ਉਨ੍ਹਾਂ ਦਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਪਹੁੰਚ ਕੇ ਨਤਮਸਤਕ ਹੋਣ ਦੀ ਸੰਵੇਦਨਾ ਨਹੀਂ ਦਿਖਾਈ ਗਈ ਹੈ। ਇਹ ਸਿਰਫ਼ ਪ੍ਰਸ਼ਾਸਕੀ ਲਾਪਰਵਾਹੀ ਨਹੀਂ, ਸਗੋਂ ਸਿੱਖ ਧਰਮ ਅਤੇ ਪੰਜਾਬੀਆਂ ਪ੍ਰਤੀ ਗੈਰ-ਸੰਜੀਦਗੀ, ਅਸੰਵੇਦਨਸ਼ੀਲਤਾ, ਦੋਹਰੀ ਰਣਨੀਤੀ ਅਤੇ ਅਸਲ ਨੀਅਤ ਦਾ ਪਤਾ ਦੇ ਰਿਹਾ ਹੈ। ਸਵਾਲ ਇਹ ਹੈ ਕਿ ਜੇਕਰ ਸੱਚਖੰਡ ਨੂੰ ਉਡਾਉਣ ਦੀ ਧਮਕੀ ਮਿਲ ਰਹੀ ਹੋਵੇ, ਤਾਂ ਮੁੱਖ ਮੰਤਰੀ ਦਾ ਦਿਲ ਸ੍ਰੀ ਦਰਬਾਰ ਸਾਹਿਬ ਪ੍ਰਤੀ ਬੇਰੁਖ਼ੀ ਕਿਉਂ ਹੈ ? ਜਦੋਂ ਸਿੱਖ ਪੰਥ ਦੇ ਰੂਹਾਨੀ ਕੇਂਦਰ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੋਵੇ, ਮੁੱਖ ਮੰਤਰੀ ਦੀ ਚੁੱਪੀ ਅਤੇ ਗੈ.ਰਹਾਜ਼ਰੀ ਇਹ ਦਰਸਾਉਂਦੀ ਹੈ ਕਿ ਉਸ ਦੇ ਹਿਰਦੇ 'ਚ ਧਾਰਮਿਕ ਸੰਵੇਦਨਸ਼ੀਲਤਾ ਲਈ ਕੋਈ ਥਾਂ ਨਹੀਂ। ਸ਼ਰਾਰਤੀ ਤੱਤਾਂ ਵੱਲੋਂ ਗੁਰੂ ਘਰ ਨੂੰ ਨੁਕਸਾਨ ਪਹੁੰਚਾਉਣ ਦੀ ਸਾਜ਼ਿਸ਼ ਰਚੀ ਜਾ ਰਹੀ ਹੋਵੇ, ਤਾਂ ਮੁੱਖ ਮੰਤਰੀ ਦਾ ਨੈਤਿਕ ਫ਼ਰਜ਼ ਬਣਦਾ ਹੈ, ਉਹ ਇਥੇ ਆਉਣ। ਪਰ ਸਰਕਾਰ ਭਾਵਨਾਤਮਕ ਅਤੇ ਪੰਜਾਬੀ ਭਾਈਚਾਰੇ ਨਾਲ ਖੜ੍ਹੇ ਹੋਣ ਦੇ ਆਪਣੇ ਨੈਤਿਕ ਫ਼ਰਜ਼ ਵਿੱਚ ਅਸਫਲ ਰਹੀ।

ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਬੀਜੇਪੀ ਅਤੇ ਕੇਂਦਰ ਸਰਕਾਰ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਜੀ ਦੀ ਤਰਫ਼ੋਂ ਸਾਬਕਾ ਸੂਬਾ ਪ੍ਰਧਾਨ ਸ਼ਵੇਤ ਮਲਕ ਸਾਬਕਾ ਰਾਜ ਸਭਾ ਮੈਂਬਰ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਹਰਜਿੰਦਰ ਸਿੰਘ ਧਾਮੀ ਨਾਲ ਮੁਲਾਕਾਤ ਕਰਦਿਆਂ ਕੇਂਦਰ ਵੱਲੋਂ ਚਿੰਤਾ ਜ਼ਾਹਿਰ ਕੀਤੀ ਅਤੇ ਕੇਂਦਰ ਵੱਲੋਂ ਪੂਰੀ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੂੰ ਮਿਲ ਰਹੀਆਂ ਧਮਕੀਆਂ ਸਿਰਫ਼ ਈਮੇਲਾਂ ਨਹੀਂ, ਸਿੱਖ ਆਸਥਾ, ਪੰਜਾਬੀਅਤ ਅਤੇ ਰਾਸ਼ਟਰੀ ਅਖੰਡਤਾ ਉੱਤੇ ਖੁੱਲ੍ਹਾ ਹਮਲਾ ਹੈ। ਇਹ ਧਮਕੀਆਂ ਸਿਰਫ਼ ਇੱਕ ਧਾਰਮਿਕ ਢਾਂਚੇ ਦੇ ਵਿਰੁੱਧ ਨਹੀਂ ਹਨ। ਇਹ ਸਿੱਖ ਧਰਮ, ਪੰਜਾਬੀਅਤ ਅਤੇ ਦੇਸ਼ ਦੇ ਅਧਿਆਤਮਿਕ ਤਾਣੇ-ਬਾਣੇ 'ਤੇ ਇੱਕ ਗਿਣੇ-ਮਿੱਥੇ ਹਮਲੇ ਹਨ। ਇਹ ਪੰਜਾਬ ਵਿੱਚ ਸ਼ਾਂਤੀ ਅਤੇ ਭਾਈਚਾਰਕ ਸਾਂਝ ਨੂੰ ਭੰਗ ਕਰਨ ਦੀ ਇੱਕ ਡੂੰਘੀ ਸਾਜ਼ਿਸ਼ ਦਾ ਹਿੱਸਾ ਹੈ। ਦਹਿਸ਼ਤ ਦਾ ਮਾਹੌਲ ਬਣਾ ਕੇ ਲੋਕ ਮਨਾਂ ਵਿੱਚ ਡਰ ਪੈਦਾ ਕਰਨ ਦੀ ਕੋਸ਼ਿਸ਼ ਹੈ ਅਤੇ ਲੋਕਾਂ ਨੂੰ ਧਾਰਮਿਕ ਯਾਤਰਾ ਕਰਨ ਤੋਂ ਰੋਕਣ ਦੀਆਂ ਸਾਜ਼ਿਸ਼ਾਂ ਹਨ। ਪਰ ਪੰਜਾਬ ਭਾਈਚਾਰਕ ਸਾਂਝ ਨੂੰ ਤੋੜਨ ਜਾਂ ਗ.ਲਤ ਸਹਿਮੀਆਂ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਦਾ ਮੂੰਹ ਤੋੜਵਾਂ ਜਵਾਬ ਦੇਵੇਗਾ।

ਉਨ੍ਹਾਂ ਕਿਹਾ ਕਿ ਹਾਲੇ ਤੱਕ ਵੀ ਸਾਜ਼ਿਸ਼ਕਾਰਾਂ ਬਾਰੇ ਕੋਈ ਵੀ ਥਹੁ ਪਤਾ ਨਹੀਂ ਲਗਾ ਪਾਣਾ ਰਾਜ ਸਰਕਾਰ ਦੀ ਕਾਬਲੀਅਤ ਉੱਤੇ ਸਵਾਲ ਖੜੇ ਕਰਦਾ ਹੈ। ਘਟਨਾਵਾਂ ਪਿੱਛੇ ਕੰਮ ਕਰ ਰਹੇ ਤੱਤਾਂ- ਸ਼ਾਂਤੀ ਭੰਗ ਕਰਨ ਵਾਲੇ ਅਤੇ ਪੰਥ ਦੋਖੀ ਤਾਕਤਾਂ ਨੂੰ ਬੇਨਕਾਬ ਕਰਦਿਆਂ ਨਕੇਲ ਕੱਸਣ ਦੀ ਜ਼ਰੂਰਤ ਹੈ । ਇਸ ਤੋਂ ਪਹਿਲਾਂ 2023 ਮਈ ਦੇ 6, 8, 11 ਤਰੀਕਾਂ ਨੂੰ ਵਿਰਾਸਤੀ ਮਾਰਗ ਅਤੇ ਗਲਿਆਰਾ ਦੇ ਵਿੱਚ ਸ੍ਰੀ ਗੁਰੂ ਰਾਮਦਾਸ ਸਰਾਂ ਦੇ ਨੇੜੇ ਰਾਤ ਸਮੇਂ ਦੇ ਹੋਏ ਧਮਾਕੇ ਲੋਕਾਂ ਨੂੰ ਭੁੱਲੇ ਨਹੀਂ ਹਨ। ਜਿਨ੍ਹਾਂ ਤਿੰਨ ਧਮਾਕਿਆਂ ਨੇ ਸੁਰੱਖਿਆ ਦੀਆਂ ਵੱਡੀਆਂ ਖ਼ਾਮੀਆਂ ਨੂੰ ਉਜਾਗਰ ਕੀਤਾ ਸੀ।

# ਵਣ ਵਿਭਾਗ ਨੇ 'ਵਣ ਮਹਾਂ ਉਤਸਵ' ਤਹਿਤ 'ਰੁੱਖ ਲਗਾਉ ਵਾਤਾਵਰਨ ਬਚਾਓ' ਸੰਸਥਾ ਨਾਲ ਬੂਟੇ ਲਗਾਏ

## ਵਾਤਾਵਰਨ ਨੂੰ ਬਚਾਉਣ ਲਈ ਹਰ ਮਨੁੱਖ ਨੂੰ ਦੋ ਜਾਂ ਤਿੰਨ ਪੌਦੇ ਲਗਾਕੇ ਪਾਲਣ ਪੋਸ਼ਣ ਕਰਨਾ ਚਾਹੀਦਾ- ਹਰਪ੍ਰੀਤ ਸਿੰਘ ਪ੍ਰਿੰਸ

**ਖੰਨਾ, 17 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ 'ਵਣ ਮਹਾਂ ਉਤਸਵ' ਤਹਿਤ ਵਣ ਵਿਭਾਗ ਬਲਾਕ ਖੰਨਾ ਨੇ 'ਰੁੱਖ ਲਗਾਉ ਵਾਤਾਵਰਨ ਬਚਾਓ' ਸੰਸਥਾ ਨਾਲ ਮਿਲਕੇ ਵਾਰਡ ਨੰਬਰ 28 'ਚ ਪ੍ਰਾਚੀਨ ਸ੍ਰੀ ਸ਼ੀਤਲਾ ਮਾਤਾ ਮੰਦਿਰ ਅਤੇ ਸ਼ਮਸ਼ਾਨਘਾਟ ਦੇ ਨਾਲ ਲੱਗਦੇ ਪਾਰਕ 'ਚ ਬੂਟੇ ਲਗਾਏ। ਵਾਤਾਵਰਨ ਪ੍ਰੇਮੀ ਹਰਪ੍ਰੀਤ ਸਿੰਘ ਪ੍ਰਿੰਸ ਨੇ ਕਿਹਾ ਕਿ ਅੱਜ ਗਲੋਬਲ ਵਾਰਮਿੰਗ ਦਾ ਵੱਡਾ ਖਤਰਾ ਮੰਡਰਾ ਰਿਹਾ ਹੈ। ਹਰ ਸਾਲ ਤਾਪਮਾਨ 'ਚ ਵਾਧਾ ਹੁੰਦਾ ਨਜਰ ਆ ਰਿਹਾ ਹੈ, ਅਜਿਹੇ ਸਮੇਂ 'ਚ ਵਾਤਾਵਰਨ ਨੂੰ ਬਚਾਉਣ ਲਈ ਹਰ ਮਨੁੱਖ ਨੂੰ ਘੱਟੋ ਘੱਟ ਦੋ ਜਾਂ ਤਿੰਨ ਪੌਦੇ ਲਗਾਕੇ ਉਹਨਾਂ ਦਾ ਪਾਲਣ ਪੋਸ਼ਣ ਜਰੂਰ ਕਰਨਾ ਚਾਹੀਦਾ ਹੈ। ਇਸ ਮੌਕੇ ਫੋਰੈਸਟ ਗਾਰਡ ਮੈਡਮ ਆਸ਼ਾ ਰਾਣੀ ਤੇ ਸੁਖਬੀਰ ਕੌਰ ਨੇ ਹਰੇਕ ਮਨੁੱਖ ਨੂੰ ਜਾਗਰੂਕ ਹੋ ਕੇ ਵੱਧ ਤੋਂ ਵੱਧ ਰੁੱਖ ਲਗਾਉਣ ਦੀ ਅਪੀਲ ਕੀਤੀ। ਉਹਨਾਂ ਨੇ ਵਾਤਾਵਰਣ ਪ੍ਰੇਮੀ ਹਰਪ੍ਰੀਤ ਸਿੰਘ ਪ੍ਰਿੰਸ ਦੀ ਅਗਵਾਈ 'ਚ 'ਰੁੱਖ ਲਗਾਉ ਵਾਤਾਵਰਨ ਬਚਾਓ' ਸੰਸਥਾ ਵੱਲੋਂ ਚੌਗਿਰਦੇ ਨੂੰ ਹਰਾ ਭਰਾ ਰੱਖਣ ਲਈ ਕੀਤੇ ਜਾ ਰਹੇ ਉਪਰਾਲੇ ਦੀ ਸ਼ਲਾਘਾ ਕੀਤੀ ਹੈ। ਪ੍ਰੋਜੈਕਟ ਇੰਚਾਰਜ ਡਾ. ਰਾਹੁਲ ਸ਼ੁਕਲਾ, ਵਾਤਾਵਰਨ ਪ੍ਰੇਮੀ ਸ਼ੇਰ ਸਿੰਘ ਤੇ ਪਰਮਜੀਤ ਸਿੰਘ ਪੰਮੀ ਨੇ ਕਿਹਾ ਕਿ 'ਰੁੱਖ ਲਗਾਓ, ਵਾਤਾਵਰਣ ਬਚਾਓ' ਸੰਸਥਾ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਵਾਤਾਵਰਨ ਬਚਾਉਣ ਲਈ ਆਪਣਾ ਅਹਿਮ ਯੋਗਦਾਨ ਦਿੱਤਾ ਜਾ ਰਿਹਾ ਹੈ। ਇਸ ਮੌਕੇ ਮੈਡਮ ਆਸ਼ਾ ਰਾਣੀ ਫੋਰੈਸਟ ਗਾਰਡ, ਸੁਖਬੀਰ ਕੌਰ ਫੋਰੈਸਟ ਗਾਰਡ, ਸੋਨੇ ਲਾਲ ਬੇਲਦਾਰ, ਬੇਲਦਾਰ ਭਗਵਾਨ ਸਿੰਘ, ਜਗਦੇਵ ਸਿੰਘ, ਪਰਮਜੀਤ ਸਿੰਘ ਪ੍ਰੇਮੀ, ਸ਼ੇਰ ਸਿੰਘ, ਡਾ. ਰਾਹੁਲ ਸੁਕਲਾ, ਪਰਮਜੀਤ ਸਿੰਘ ਪੰਮੀ ਆਦਿ ਹਾਜ਼ਿਰ ਸਨ।

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਸੂਬੇ ਦੇ ਪੇਂਡੂ ਅਤੇ ਪੱਛੜੇ ਇਲਾਕਿਆਂ 'ਚ ਸੜਕਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰ ਰਹੀ ਹੈ ਪੰਜਾਬ ਸਰਕਾਰ : ਡਾ. ਰਵਜੋਤ ਸਿੰਘ



ਹੁਸ਼ਿਆਰਪੁਰ 17 ਜੁਲਾਈ (ਆਵਾਜ਼ਿ ਕੌਮ ਬਿਊਰੋ)–ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਹੁਸ਼ਿਆਰਪੁਰ ਤੋਂ ਪਿੰਡ ਮਹਿੰਗਰੋਵਾਲ ਤੋਂ ਕੋਟ ਪਟਿਆਲ ਹੁੰਦੇ ਹੋਏ ਹਿਮਾਚਲ ਸਰਹੱਦ ਤੱਕ ਜਾਣ ਵਾਲੀ ਸੜਕ ਦੇ ਨਿਰਮਾਣ ਕਾਰਜ ਦਾ ਭਾਗੋਵਾਲ ਅਤੇ ਕੋਟ ਪਟਿਆਲ ਵਿਚ ਰਸਮੀ ਤੌਰ 'ਤੇ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਪੇਂਡੂ ਅਤੇ ਪੱਛੜੇ ਇਲਾਕਿਆਂ ਵਿਚ ਸੜਕਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਪੂਰੀ ਤਰ੍ਹਾਂ ਨਾਲ ਵਚਨਬੱਧ ਹੈ। ਡਾ. ਰਵਜੋਤ ਸਿੰਘ ਨੇ ਦੱਸਿਆ ਕਿ ਇਸ ਸੜਕ ਦੇ ਨਿਰਮਾਣ 'ਤੇ ਲੱਗਭਗ 8 ਕਰੋੜ 40 ਲੱਖ ਰੁਪਏ ਦੀ ਲਾਗਤ ਆਵੇਗੀ। ਇਹ ਸੜਕ 26.50 ਕਿਲੋਮੀਟਰ ਲੰਬੀ ਹੋਵੇਗੀ ਅਤੇ ਨਿਰਮਾਣ ਕੰਪਨੀ ਨੂੰ ਅਗਲੇ 3 ਸਾਲਾਂ ਲਈ ਇਸ ਦੀ ਦੇਖਭਾਲ ਵੀ ਕਰਨੀ ਪਵੇਗੀ। ਉਨ੍ਹਾਂ ਕਿਹਾ ਕਿ ਇਸ ਸੜਕ ਦੇ ਨਿਰਮਾਣ ਨਾਲ ਇਲਾਕੇ ਦੇ ਹਜ਼ਾਰਾਂ ਲੋਕਾਂ ਨੂੰ ਆਉਣ–ਜਾਣ ਵਿਚ ਆਉਂਦੀਆਂ ਮੁਸ਼ਕਲਾਂ ਤੋਂ ਰਾਹਤ ਮਿਲੇਗੀ। ਖਾਸ ਕਰਕੇ ਮਾਹਿੰਗਰੋਵਾਲ, ਡੂੰਗੀ ਚੋਈ, ਮਲੋਟ ਅਤੇ ਕੋਟ ਪਟਿਆਲ ਦੇ ਵਸਨੀਕਾਂ ਨੂੰ ਬਿਹਤਰ ਸਹੂਲਤ ਉਪਲਬੱਧ ਹੋਵੇਗੀ। ਸਥਾਨਕ ਸਰਕਾਰਾਂ ਮੰਤਰੀ ਨੇ ਦੱਸਿਆ ਕਿ ਇਸ ਸੜਕ ਦੇ ਨਿਰਮਾਣ ਦੌਰਾਨ ਡੂੰਗੀ ਚੋਈ, ਮਹਿੰਗਰੋਵਾਲ ਅਤੇ ਮਲੋਟ ਵਿਖੇ 3 ਕਾਜ਼ਵੇਅ ਵੀ ਬਣਾਏ ਜਾ ਰਹੇ ਹਨ, ਤਾਂ ਜੋ ਲੋਕਾਂ ਨੂੰ ਬਰਸਾਤ ਦੇ ਮੌਸਮ ਦੌਰਾਨ ਵੀ ਕੋਈ ਮੁਸ਼ਿਕਲ ਨਾ ਆਵੇ। ਇਸ ਤੋਂ ਇਲਾਵਾ ਪਟਿਆਲ ਪੁਲ ਦੀ ਰਿਟੇਨਿੰਗ ਵਾਲ ਦਾ ਕੰਮ ਵੀ ਸ਼ੁਰੂ ਕਰ ਦਿੱਤਾ ਗਿਆ ਹੈ, ਜੋ ਪੁਲ ਦੀ ਮਜ਼ਬੂਤੀ ਅਤੇ ਸੁਰੱਖਿਆ ਨੂੰ ਯਕੀਨੀ ਬਣਾਏਗਾ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਸੂਬੇ ਦੇ ਹਰ ਪਿੰਡ, ਕਸਬੇ ਅਤੇ ਸ਼ਹਿਰ ਵਿਚ ਬੁਨਿਆਦੀ ਸਹੂਲਤਾਂ ਨੂੰ ਬਿਹਤਰ ਕੀਤਾ ਜਾਵੇ। ਉਨ੍ਹਾਂ ਭਰੋਸਾ ਦਿੱਤਾ ਕਿ ਸੜਕ ਨਿਰਮਾਣ ਦਾ ਕੰਮ ਸਮੇਂ ਸਿਰ ਪੂਰਾ ਕੀਤਾ ਜਾਵੇਗਾ ਅਤੇ ਇਸ ਨੂੰ ਜਨਤਾ ਨੂੰ ਸਮਰਪਿਤ ਕੀਤਾ ਜਾਵੇਗਾ। ਉਨ੍ਹਾਂ ਸਥਾਨਕ ਲੋਕਾਂ ਨੂੰ ਨਿਰਮਾਣ ਕਾਰਜ ਵਿਚ ਸਹਿਯੋਗ ਕਰਨ ਦਾ ਸੱਦਾ ਦਿੱਤਾ, ਤਾਂ ਜੋ ਕੰਮ ਦੀ ਗੁਣਵੱਤਾ ਅਤੇ ਸਮੇਂ ਸਿਰ ਪੂਰਾ ਹੋ ਸਕੇ। ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰ ਵਿਕਾਸ ਕਾਰਜਾਂ ਵਿਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕਰੇਗੀ।

# ਰਿਆਤ ਬਾਹਰਾ ਇੰਟਰਨੈਸ਼ਨਲ ਸਕੂਲ ਵਿਖੇ ਖੁਰਾਕ ਅਤੇ ਖੰਡ ਸੇਵਨ ਬਾਰੇ ਜਾਗਰੂਕਤਾ ਸੈਸ਼ਨ ਆਯੋਜਿਤ



ਹੁਸ਼ਿਆਰਪੁਰ 17 ਜੁਲਾਈ (ਆਵਾਜ਼ਿ ਕੌਮ ਬਿਊਰੋ)–ਰਿਆਤ ਬਾਹਰਾ ਇੰਟਰਨੈਸ਼ਨਲ ਸਕੂਲ ਵਿਖੇ ਵਿਦਿਆਰਥੀਆਂ ਨੂੰ ਸਿਹਤਮੰਦ ਜੀਵਨ ਸ਼ੈਲੀ ਵੱਲ ਪ੍ਰੇਰਿਤ ਕਰਨ ਅਤੇ ਵਧੇਰੇ ਖੰਡ ਸੇਵਨ ਦੇ ਨੁਕਸਾਨ ਬਾਰੇ ਜਾਣਕਾਰੀ ਦੇਣ ਲਈ ਇੱਕ ਵਿਸ਼ੇਸ਼ ਜਾਗਰੂਕਤਾ ਸੈਸ਼ਨ ਆਯੋਜਿਤ ਕੀਤਾ ਗਿਆ।ਸਕੂਲ ਦੀ ਪ੍ਰਿੰਸੀਪਲ ਰਸ਼ਮੀ ਸ਼ਰਮਾ ਨੇ ਦੱਸਿਆ ਕਿ ਇਸ ਸੈਸ਼ਨ ਰਾਹੀਂ ਵਿਦਿਆਰਥੀਆਂ ਨੂੰ ਸਿੱਖਾਇਆ ਗਿਆ ਕਿ ਸੰਤੁਲਿਤ ਖੁਰਾਕ ਕਿੰਨੀ ਮਹੱਤਵਪੂਰਨ ਹੈ ਅਤੇ ਜ਼ਿਆਦਾ ਚੀਨੀ ਖਾਣ ਨਾਲ ਸਰੀਰ ਉੱਤੇ ਕਿਹੋ ਜਿਹਾ ਪ੍ਰਭਾਵ ਪੈਂਦਾ ਹੈ। ਸੈਸ਼ਨ ਦੌਰਾਨ ਵਿਦਿਆਰਥੀਆਂ ਵੱਲੋਂ ਇੱਕ ਪਾਵਰ ਪੁਆਇੰਟ ਪੇਸ਼ਕਾਰੀ ਕੀਤੀ ਗਈ, ਜਿਸ ਵਿੱਚ ਉਨ੍ਹਾਂ ਨੇ ਸਾਦੀਆਂ ਭੋਜਨ ਆਦਤਾਂ ਅਤੇ ਵਧੇਰੇ ਖੰਡ ਸੇਵਨ ਨਾਲ ਜੁੜੇ ਜੋਖਮਾਂ ਬਾਰੇ ਜਾਣਕਾਰੀ ਦਿੱਤੀ। ਇਸ ਪੇਸ਼ਕਾਰੀ ਵਿੱਚ ਸਿਹਤਮੰਦ ਵਿਕਲਪਾਂ ਨੂੰ ਵੀ ਉਜਾਗਰ ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ ਨੇ ਇੱਕ 'ਸ਼ੂਗਰ ਬੋਰਡ' ਵੀ ਤਿਆਰ ਕੀਤਾ, ਜਿਸ ਰਾਹੀਂ ਰੋਜ਼ਾਨਾ ਵਰਤੇ ਜਾਂਦੇ ਖਾਦ ਪਦਾਰਥਾਂ ਵਿੱਚ ਲੁਕੀ ਹੋਈ ਖੰਡ ਦੀ ਮਾਤਰਾ ਨੂੰ ਦਰਸਾਇਆ ਗਿਆ। ਇਹ ਬੋਰਡ ਆਕਰਸ਼ਕ ਅਤੇ ਸੂਚਨਾਪੂਰਨ ਰਿਹਾ ਅਤੇ ਵਿਦਿਆਰਥੀਆਂ ਦੇ ਨਾਲ ਨਾਲ ਅਧਿਆਪਕਾਂ ਵੱਲੋਂ ਵੀ ਇਸਦੀ ਸਰਾਹਨਾ ਕੀਤੀ ਗਈ। ਵਿਦਿਆਰਥੀਆਂ ਨੇ 4 ਤੋਂ 10 ਸਾਲ ਅਤੇ 11 ਤੋਂ 18 ਸਾਲ ਦੇ ਦੋ ਉਮਰ ਸਮੂਹਾਂ ਲਈ ਡੇਟਾ ਵਿਸ਼ਲੇਸ਼ਣ ਵੀ ਪੇਸ਼ ਕੀਤਾ, ਜਿਸ ਰਾਹੀਂ ਇਹ ਸਮਝਾਇਆ ਗਿਆ ਕਿ ਸਹੀ ਜਾਣਕਾਰੀ ਅਤੇ ਸਮਝਦਾਰੀ ਨਾਲ ਭੋਜਨ ਦੇ ਚੋਣ ਵਿਚ ਸੁਧਾਰ ਕੀਤਾ ਜਾ ਸਕਦਾ ਹੈ। ਪ੍ਰਿੰਸੀਪਲ ਰਸ਼ਮੀ ਸ਼ਰਮਾ ਨੇ ਵਿਦਿਆਰਥੀਆਂ ਦੀ ਕੋਸ਼ਿਸ਼ ਦੀ ਸਰਾਹਨਾ ਕਰਦੇ ਹੋਏ ਕਿਹਾ ਕਿ, "ਅਸੀਂ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੀਆਂ ਸਿਹਤ ਸੰਬੰਧੀ ਜਾਗਰੂਕਤਾ ਗਤੀਵਿਧੀਆਂ ਕਰਦੇ ਰਹਾਂਗੇ, ਤਾਂ ਜੋ ਬੱਚਿਆਂ ਵਿੱਚ ਸਿਹਤਮੰਦ ਜੀਵਨ ਸ਼ੈਲੀ ਦੀ ਸਮਝ ਵਿਕਸਿਤ ਹੋਵੇ।

# ਆਈ.ਟੀ.ਆਈ. ਹਰਿਆਣਾ ਦੇ ਠੇਕਾ ਮੁਲਾਜਮਾਂ ਵੱਲੋਂ ਪੰਜਾਬ ਸਰਕਾਰ ਵਿਰੁੱਧ ਸੰਸਥਾ ਦੇ ਗੇਟ ਅੱਗੇ ਕੀਤੀ ਰੋਸ ਰੈਲੀ



ਹੁਸ਼ਿਆਰਪੁਰ 17 ਜੁਲਾਈ (ਆਵਾਜ਼ਿ ਕੌਮ ਬਿਊਰੋ)– ਸਰਕਾਰੀ ਆਈ ਟੀ ਆਈਜ ਠੇਕਾ ਮੁਲਾਜਮ ਯੂਨੀਅਨ ਪੰਜਾਬ ਵੱਲੋਂ ਸੰਘਰਸ਼ ਦਾ ਵਿਗੁਲ ਵਜਾ ਦਿੱਤਾ ਹੈ। ਪਿਛਲੇ ਕਈ ਸਾਲਾਂ ਤੋਂ ਗੱਲਬਾਤ ਰਾਹੀਂ ਮਸਲੇ ਹੱਲ ਕਰਵਾਉਣ ਵਾਲੀ ਜੱਥੇਬੰਦੀ ਨੇ ਹੁਣ ਪੰਜਾਬ ਸਰਕਾਰ ਦੀਆਂ ਮੁਲਾਜ਼ਮ ਮਾਰੂ ਨੀਤੀਆਂ ਵਿਰੁੱਧ ਹੁਣ ਖੁੱਲ੍ਹ ਕੇ ਸੰਘਰਸ਼ ਕਰਨ ਦਾ ਐਲਾਨ ਕੀਤਾ ਹੈ। ਜੱਥੇਬੰਦੀ ਦੇ ਆਗੂ ਆਸ਼ੂਤੋਸ਼ ਕੁਮਾਰ ਨੇ ਦੱਸਿਆ ਕਿ ਉਹ 15–16 ਸਾਲਾਂ ਤੋਂ ਪੰਜਾਬ ਦੀਆਂ ਸਰਕਾਰੀ ਆਈ ਟੀ ਆਈਜ਼ ਵਿੱਚ ਬਿਨਾਂ ਕਿਸੇ ਸਰਕਾਰੀ ਸਹੂਲਤਾਂ ਤੋਂ ਨਿਗੂਣੀਆਂ ਤਨਖਾਹਾਂ ਸਿਰਫ਼ 15000 ਉੱਪਰ ਗਰੁੱਪ–ਬੀ ਬਤੌਰ ਕਰਾਫਟ ਇੰਸਟਰਕਟਰ ਵਜੋਂ ਆਪਣਾ ਸ਼ੋਸ਼ਣ ਕਰਵਾ ਰਹੇ ਹਨ ਜਦ ਕਿ ਇਹੀ ਪੰਜਾਬ ਸਰਕਾਰ ਗਰੁੱਪ–ਸੀ ਅਤੇ ਡੀ ਨੂੰ ਸਾਡੇ ਨਾਲੋਂ ਵੱਧ ਤਨਖਾਹਾਂ ਦੇ ਰਹੀ ਹੈ ਜੋ ਕਿਸੇ ਵੀ ਤਰ੍ਹਾਂ ਤਰਕਸੰਗਤ ਨਹੀਂ ਹੈ। ਇਸ ਤੋਂ ਇਲਾਵਾ ਸਾਨੂੰ ਕਿਸੇ ਵੀ ਕਿਸਮ ਦੀ ਛੁੱਟੀ ਨਹੀਂ ਦਿੱਤੀ ਜਾਂਦੀ, ਨਾ ਹੀ ਕੋਈ ਬਦਲੀ ਕਰਵਾਉਣ ਦਾ ਅਧਿਕਾਰ ਹੈ, ਨਾ ਹੀ ਕੋਈ ਸਰਵਿਸ ਬੁੱਕ ਲਗਾਈ ਗਈ ਹੈ ਅਤੇ ਨਾ ਹੀ ਕੋਈ ਸਲਾਨਾ ਇੰਕਰੀਮੈਂਟ ਹੈ, ਇੱਥੋਂ ਤੱਕ ਲੇਡੀਜ਼ ਲਈ ਜਣੇਪਾ ਛੁੱਟੀ ਤੱਕ ਦਾ ਅਧਿਕਾਰ ਨਹੀਂ ਹੈ। ਜੋ ਕਿ ਪੰਜਾਬ ਸਰਕਾਰ ਲਈ ਬਹੁਤ ਹੀ ਸ਼ਰਮਨਾਕ ਗੱਲ ਹੈ। ਅਸੀਂ ਗੱਲਬਾਤ ਰਾਹੀਂ ਪਿਛਲੇ ਤਿੰਨ ਸਾਲਾਂ ਤੋਂ 40–50 ਵਾਰ ਮੁੱਖ ਮੰਤਰੀ ਦਫਤਰ ਦੇ ਗੇੜੇ ਮਾਰੇ ਕਿ ਸ਼ਾਇਦ ਉਹਨਾਂ ਨੂੰ ਮੁੱਖ ਮੰਤਰੀ ਤੋਂ ਗਲਬਾਤ ਲਈ ਸਮਾਂ ਮਿਲ ਜਾਵੇ ਪਰੰਤੂ ਆਮ ਲੋਕਾਂ ਦੇ ਮੁੱਖ ਮੰਤਰੀ ਕਹਾਉਣ ਵਾਲੇ ਭਗਵੰਤ ਸਿੰਘ ਮਾਨ ਵੀ ਪਹਿਲੇ ਮੁੱਖ ਮੰਤਰੀਆਂ ਦੀ ਤਰਾਂ ਹੀ ਨਿਕਲੇ, ਇੱਕ ਮਿੰਟ ਦਾ ਵੀ ਸਮਾਂ ਨਹੀਂ ਦਿੱਤਾ ਗਿਆ।ਇਸ ਤੋਂ ਇਲਾਵਾ ਕਈ ਵਾਰ ਤਕਨੀਕੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਵੀ ਮਿਲ ਚੁੱਕੇ ਹਾਂ ਉਹਨਾਂ ਵੱਲੋਂ ਹਰ ਵਾਰ ਇੰਗਨੋਰ ਕਰ ਦਿੱਤਾ ਜਾਂਦਾ ਹੈ ਜਿਵੇਂ ਉਹਨਾਂ ਦਾ ਤਕਨੀਕੀ ਸਿੱਖਿਆ ਵੱਲ ਧਿਆਨ ਈ ਨਾ ਹੋਵੇ ਕਿਉਂਕਿ ਉਹ ਪਿਛਲੇ ਤਿੰਨ ਸਾਲਾਂ ਤੋਂ ਸਕੂਲਾਂ ਵਿੱਚੋਂ ਹੀ ਨਹੀਂ ਨਿਕਲ ਰਹੇ ਜਦ ਕਿ ਉਹ ਤਕਨੀਕੀ ਸਿੱਖਿਆ ਮੰਤਰੀ ਵੀ ਹਨ।ਅਸੀਂ ਪੰਜਾਬ ਦਾ ਕੋਈ ਆਮ ਆਦਮੀ ਪਾਰਟੀ ਦਾ ਐਮ ਐਲ ਏ, ਕੋਈ ਮੰਤਰੀ ਨਹੀਂ ਛੱਡਿਆ ਜਿਸ ਨੂੰ ਬੇਨਤੀ ਨਾ ਕੀਤੀ ਹੋਵੇ ਪਰੰਤੂ ਸਾਰਿਆਂ ਵੱਲੋਂ ਸਿਰਫ ਲਾਰੇ ਹੀ ਮਿਲੇ ਹਨ। ਕਿਸੇ ਨੇ ਵੀ ਕੋਈ ਹੱਲ ਕਰਵਾਉਣ ਬਾਰੇ ਨਹੀਂ ਸੋਚਿਆ। ਅਸੀਂ ਆਮ ਆਦਮੀ ਪਾਰਟੀ ਦੀ ਸਰਕਾਰ ਲਿਆਉਣ ਲਈ ਬਹੁਤ ਸਖ਼ਤ ਮਿਹਨਤ ਕੀਤੀ ਸੀ ਕਿ ਇਹ ਸਰਕਾਰ ਸਾਡਾ ਕੁੱਝ ਕਰੇਗੀ ਪ੍ਰੰਤੂ ਸਾਡੇ ਹੱਥ ਪਹਿਲਿਆਂ ਵਾਂਗ ਨਿਰਾਸ਼ਾ ਹੀ ਲੱਗੀ ਹੈ।ਇਸ ਲਈ ਜੱਥੇਬੰਦੀ ਨੇ ਅੱਜ ਸਰਕਾਰੀ ਆਈ ਟੀ ਆਈ ਹਰਿਆਣਾ ਜ਼ਿਲ੍ਹਾ ਹੁਸ਼ਿਆਰਪੁਰ ਦੇ ਗੇਟ ਅੱਗੇ ਪੰਜਾਬ ਸਰਕਾਰ ਵਿਰੁੱਧ ਗੇਟ ਰੈਲੀ ਕੀਤੀ ਅਤੇ ਪੰਜਾਬ ਸਰਕਾਰ ਦੀ ਮੁਰਦਾਬਾਦ ਕੀਤੀ। ਉਹਨਾਂ ਕਿਹਾ ਕਿ ਜੇਕਰ ਸਰਕਾਰ ਉਹਨਾਂ ਦੀਆਂ ਮੰਗਾਂ ਵੱਲ ਧਿਆਨ ਨਹੀਂ ਦਿੰਦੀ ਤਾਂ ਆਉਣ ਵਾਲੇ ਦਿਨਾਂ ਵਿੱਚ ਤਕਨੀਕੀ ਸਿੱਖਿਆ ਮੰਤਰੀ ਅਤੇ ਹੋਰ ਸਾਰੇ ਮੰਤਰੀਆਂ ਦੇ ਘਰਾਂ ਅੱਗੇ ਪ੍ਰਦਰਸ਼ਨ ਕੀਤੇ ਜਾਣਗੇ, ਲੋੜ ਪੈਂਣ ਤੇ ਪੱਕਾ ਮੋਰਚਾ ਵੀ ਲਗਾਇਆ ਜਾਵੇਗਾ। ਇਸ ਮੌਕੇ ਤੇ ਸੰਸਥਾ ਦੇ ਸਮੂਹ ਗੈਸਟ ਫੈਕਲਟੀ ਮੁਲਾਜ਼ਮ ਕਰਨੈਲ ਸਿੰਘ, ਰੋਹਿਤ ਕੁੰਡਲ, ਵਿਸ਼ਵ ਕਿਰਤੀ ਮੰਡਲਾ, ਗੁਰਪ੍ਰੀਤ ਲਾਲ ਅਤੇ ਸ੍ਰੀਮਤੀ ਮਨਜੀਤ ਕੌਰ ਆਦਿ ਮੈਂਬਰ ਸ਼ਾਮਿਲ ਸਨ।

# ਪੰਜਾਬ ਵਿੱਚ ਕਿਸਾਨੀ ਬਚਾਉਣ ਲਈ ਫਸਲੀ ਚੱਕਰ ਦੀ ਲੋੜ

**ਪੰਜਾਬ ਖੇਤੀ** ਪ੍ਰਧਾਨ ਸੂਬਾ ਹੁੰਦਾ ਸੀ ਜੋ ਸਮੁੱਚੇ ਭਾਰਤ ਦੀ ਅਨਾਜ ਦੀ ਮੰਗ ਪੂਰੀ ਕਰਨ ਦੇ ਵਿੱਚ ਸਮਰੱਥ ਸੀ। ਪ੍ਰੰਤੂ ਅੱਜ ਪੰਜਾਬ ਸੂਬੇ ਦੀ ਖੇਤੀਬਾੜੀ ਸੰਕਟ ਦੀ ਲਪੇਟ 'ਚ ਹੈ। ਕੁਝ ਕੁ ਫਸਲਾਂ ਦੀ ਲਗਾਤਾਰ ਪੈਦਾਵਾਰ ਕਾਰਨ ਪੰਜਾਬ ਦੀ ਜ਼ਮੀਨ, ਪਾਣੀ, ਆਮਦਨ ਅਤੇ ਕਿਸਾਨੀ ਖੋਖਲੀ ਹੋ ਰਹੀ ਹੈ। ਸੰਸਾਰ ਭਰ ਦੇ ਪ੍ਰਸਿੱਧ ਖੇਤੀਬਾੜੀ ਮਾਹਿਰ, ਪ੍ਰੋਫੈਸਰ ਅਤੇ ਖੋਜ ਸ਼ਾਸਤਰੀ ਕਹਿ ਰਹੇ ਹਨ ਹਨ ਕਿ ਜੇਕਰ ਪੰਜਾਬ ਵਿੱਚ ਖੇਤੀ ਨੂੰ ਲੰਮੇ ਸਮੇਂ ਤੱਕ ਜਿਉਂਦਾ ਰੱਖਣਾ ਹੈ ਤਾਂ ਫਸਲੀ ਚੱਕਰ (Crop Diversification) ਲਾਗੂ ਕਰਨਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ।



**ਫਸਲੀ ਚੱਕਰ ਦਾ ਕੀ ਮਤਲਬ ਹੈ ?**

ਫਸਲੀ ਚੱਕਰ ਦਾ ਸਿੱਧੇ ਸਾਧੇ ਸ਼ਬਦਾਂ ਵਿੱਚ ਭਾਵ ਹੈ ਕਿ ਕੁਝ ਖਾਸ ਫ਼ਸਲਾਂ ਉਗਾਉਣ ਦੀ ਬਜਾਏ ਵੱਖ–ਵੱਖ ਮੌਸਮਾਂ ਵਿੱਚ ਵੱਖ–ਵੱਖ ਕਿਸਮ ਦੀਆਂ ਫਸਲਾਂ ਉਗਾਣਾ। ਮਿਸਾਲ ਵਜੋਂ ਗਰਮੀ ਵਿੱਚ ਚਾਵਲ ਦੀ ਥਾਂ ਮੱਕੀ ਜਾਂ ਦਾਲਾਂ ਆਦਿ ਅਤੇ ਸਰਦੀਆਂ ਵਿੱਚ ਕਣਕ ਦੀ ਥਾਂ ਮਸਰ, ਸਰੋਂ ਜਾਂ ਵਣਸਪਤੀ ਫਸਲਾਂ ਦੀ ਬੀਜਾਈ।

**ਪੰਜਾਬ ਨੂੰ ਫਸਲੀ ਚੱਕਰ ਦੀ ਲੋੜ ਕਿਉਂ ਹੈ ?**

**ਪਾਣੀ ਬਚਾਅ ਦਾ ਹੱਲ** : ਪੰਜਾਬ ਵਿੱਚ 80% ਇਲਾਕਾ ਜਲ ਪੱਧਰ ਦੇ ਘਟਣ ਦਾ ਸ਼ਿਕਾਰ ਹੋ ਰਿਹਾ ਹੈ। ਸਮੇਂ ਦੀ ਮੰਗ ਨੂੰ ਧਿਆਨ ਵਿੱਚ ਰੱਖਦਿਆਂ ਅੱਜ ਲੋੜ ਹੈ ਪੰਜਾਬ ਦੇ ਪਾਣੀ ਦੀ ਹਰ ਬੂੰਦ ਨੂੰ ਬਚਾਉਣ ਲਈ ਦ੍ਰਿੜ ਸੰਕਲਪ ਨਾਲ ਯਤਨ ਕੀਤੇ ਜਾਣ ।

**ਜ਼ਮੀਨ ਦੀ ਉਪਜਾਊ ਤਾਕਤ ਬਚਾਉਣ ਲਈ** : ਇੱਕੋ–ਇੱਕ ਫਸਲ ਉਗਾਉਣ ਨਾਲ ਮਿੱਟੀ 'ਚ ਇੱਕੋ ਤੱਤ ਦੀ ਲਗਾਤਾਰ ਖਪਤ ਹੁੰਦੀ ਹੈ ਜਿਸ ਨਾਲ ਮਿੱਟੀ ਦੀ ਗੁਣਵੱਤਾ ਖਤਮ ਹੋ ਰਹੀ ਹੈ। ਫਸਲੀ ਚੱਕਰ ਨਾਲ ਨਾਈਟ੍ਰੋਜਨ ਫਿਕਸਿੰਗ ਅਤੇ ਜੈਵਿਕ ਤੱਤ ਵਧਾਉਣ ਦੀ ਸੰਭਾਵਨਾ ਬਣਦੀ ਹੈ।

**ਕਿਸਾਨ ਦੀ ਆਮਦਨ ਵਧਾਉਣ ਲਈ** : ਮੌਜੂਦਾ ਸਰਕਾਰ ਵੱਲੋਂ ਮੱਕੀ, ਦਾਲਾਂ, ਸਬਜ਼ੀਆਂ ਅਤੇ ਫਲਾਂ ਉੱਤੇ ਵੀ ਘੱਟੋ–ਘੱਟ ਸਮਰਥਨ ਮੁੱਲ ਦਿੱਤਾ ਜਾ ਰਿਹਾ ਹੈ। ਹੋਰ ਉਤਪਾਦ ਦੀ ਪੈਦਾਵਾਰ ਕਰਕੇ ਕਿਸਾਨ ਇੱਕੋ ਵਾਰ 'ਚ ਕਈ ਕਈ ਫਸਲਾਂ ਤੋਂ ਆਮਦਨ ਪ੍ਰਾਪਤ ਸਕਦੇ ਹਨ।

**ਸਿਹਤਮੰਦ ਖੁਰਾਕ ਦੀ ਲੋੜ** : ਸਮਾਜ ਵਿੱਚ ਪੋਸ਼ਣ ਦੀ ਭਾਰੀ ਕਮੀ ਵੇਖੀ ਜਾ ਰਹੀ ਹੈ। ਇੱਕੋ–ਇੱਕ ਅਨਾਜ ਦੀ ਖੁਰਾਕ ਦੇ ਨੁਕਸਾਨ ਵਜੋਂ ਕੁਪੋਸ਼ਣ ਤੇ ਆਮ ਰੋਗ ਵਧੇ ਹਨ। ਫਸਲੀ ਚੱਕਰ ਨਾਲ ਲੋਕਾਂ ਨੂੰ ਭਿੰਨਤਾਂ ਨਾਲ ਪੋਸ਼ਣ ਤੱਤ ਮਿਲਣਗੇ।

**ਮੌਸਮ ਦੀ ਅਨਿਸ਼ਚਿਤਤਾ ਦਾ ਮੁਕਾਬਲਾ** : ਮੌਸਮ ਵਿੱਚ ਆ ਰਹੇ ਬਦਲਾਵ ਜਿਵੇਂ ਹੜ੍ਹ, ਸੋਕਾ ਫਸਲਾਂ ਦਾ ਕਾਫੀ ਨੁਕਸਾਨ ਕਰਦੇ ਹਨ। ਵੱਖ–ਵੱਖ ਸਮੇਂ 'ਚ ਵੱਖ–ਵੱਖ ਫਸਲਾਂ ਉਗਾਉਣ ਨਾਲ ਫਸਲਾਂ ਦੇ ਨੁਕਸਾਨ ਦਾ ਖਤਰਾ ਘੱਟ ਹੁੰਦਾ ਹੈ। ਇੱਕ ਫਸਲ ਮਾੜੀ ਹੋਵੇ ਤਾਂ ਦੂਜੇ ਨਾਲ ਵਸੂਲੀ ਹੋ ਸਕਦੀ ਹੈ।

**ਲੋਕਲ ਮੰਡੀ ਸਿਸਟਮ ਕਿਸਾਨਾਂ ਲਈ ਲਾਭਕਾਰੀ ਕਿਉਂ ?**

ਪੰਜਾਬ ਦੇ ਕਿਸਾਨਾਂ ਲਈ ਪਿੰਡ ਪੱਧਰ ਤੇ ਲੋਕਲ ਮੰਡੀਆਂ ਜਾਂ ਫਾਰਮਰਜ਼ ਮਾਰਕੀਟ ਬਣਾਈਆਂ ਜਾਣ, ਤਾਂ ਕਿਸਾਨ ਬਿਨਾਂ ਮੱਧਵਰਗੀਆਂ ਦੇ ਆਪਣਾ ਉਤਪਾਦ ਸਿੱਧਾ ਗਾਹਕ ਤੱਕ ਵੇਚ ਸਕਣਗੇ।

**ਇਸਦੇ ਫਾਇਦੇ** :

ਕਿਸਾਨ ਨੂੰ ਵਧੀਆ ਮੁੱਲ ਮਿਲੇਗਾ, ਕਿਉਂਕਿ ਉਹ ਸਿੱਧਾ ਖਪਤਕਾਰ ਨਾਲ ਜੁੜੇਗਾ।

ਖੇਤੀ ਦੇ ਵੈਰੀਟੀਫਿਕੇਸ਼ਨ ਲਈ ਸਟੈਂਡਰਡ ਬਣਣਗੇ, ਜਿਸ ਨਾਲ ਗੁਣਵੱਤਾ ਵਾਲਾ ਮਾਲ ਵਧੇਗਾ।

ਤਾਜ਼ਾ ਸਬਜ਼ੀਆਂ, ਦਾਲਾਂ, ਫਲ ਅਤੇ ਹੋਰ ਉਤਪਾਦ ਸ਼ਹਿਰੀ ਖਪਤਕਾਰ ਤੱਕ ਸੌਖੀ ਉਪਲਬਧਤਾ।

ਛੋਟੇ ਕਿਸਾਨਾਂ ਲਈ ਆਤਮਨਿਰਭਰਤਾ ਦਾ ਰਾਹ ਖੁੱਲੇਗਾ।

ਰਾਜ ਦੇ ਅੰਦਰ ਹੀ ਵਿਕਾਸਸ਼ੀਲ ਪਿਛੜੇ ਖੇਤਰਾਂ ਨੂੰ ਮਜ਼ਬੂਤੀ ਮਿਲੇਗੀ।

ਸਰਕਾਰੀ ਪੱਖੋਂ ਕੀ ਕੀਤਾ ਜਾ ਸਕਦਾ ਹੈ ?

ਹਰ ਤਹਿਸੀਲ ਜਾਂ ਪਿੰਡ ਗਰੁੱਪ ਵਿੱਚ ਲੋਕਲ ਐਗਰੀ ਮਾਰਕੀਟ ਯਾਰਡ ਬਣਾਉਣ।

ਕੋਲਡ ਸਟੋਰੇਜ ਅਤੇ ਫੂਡ ਪ੍ਰੋਸੈਸਿੰਗ ਯੂਨਿਟ ਦੀ ਸਹੂਲਤ ਨਾਲ ਕਿਸਾਨ ਆਪਣੇ ਮਾਲ ਨੂੰ ਲੰਬੇ ਸਮੇਂ ਤੱਕ ਸਟੋਰ ਕਰ ਸਕਣ।

MSME ਪਾਲਿਸੀ ਰਾਹੀਂ ਛੋਟੇ ਕਿਸਾਨਾਂ ਨੂੰ ਡਾਇਰੈਕਟ ਰਿਟੇਲਿੰਗ ਦੀ ਸਹੂਲਤ।

ਮੋਬਾਈਲ ਐਪ ਜਾਂ ਡਿਜੀਟਲ ਮੰਡੀ, ਜਿਥੋਂ ਕਿਸਾਨ ਆਪਣੇ ਉਤਪਾਦ ਦਾ ਮੋਲ ਤਿਆਰ ਕਰ ਸਕਣ।

**ਸਰਕਾਰੀ ਅਤੇ ਮਾਹਿਰਾਂ ਦੇ ਸੁਝਾਅ** :

ਪੰਜਾਬ ਐਗਰੀਕਲਚਰ ਯੂਨੀਵਰਸਿਟੀ ਵੱਲੋਂ ਮੱਕੀ, ਕਾਲੀ ਮਸਰ, ਮਲਟਾਪਲ ਕਾਸਟਿੰਗ ਕ੍ਰਾਪ ਪੈਟਰਨ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ।

**MSP ਦੀ ਵਿਸਤਾਰ** : ਸਰਕਾਰ ਵੱਲੋਂ ਮੱਕੀ ਤੇ ਦਾਲਾਂ ਉੱਤੇ MSP ਲਾਗੂ ਹੋਣਾ ਇੱਕ ਵੱਡਾ ਕਦਮ ਹੈ।

ਐਗਰੀ ਬਾਇਓ ਡਾਇਵਰਸੀਟੀ ਮੁਹਿੰਮਾਂ : PAU ਤੇ ICAR ਵੱਲੋਂ ਨਵੇਂ ਸਿੰਚਾਈ ਤਰੀਕੇ, ਜੈਵਿਕ ਖੇਤੀ, ਕੁਦਰਤੀ ਖੇਤੀ ਨੂੰ ਅੱਗੇ ਵਧਾਇਆ ਜਾ ਰਿਹਾ ਹੈ।

ਜੇਕਰ ਪੰਜਾਬ ਨੇ ਆਪਣੀ ਮਿੱਟੀ, ਪਾਣੀ ਅਤੇ ਨੌਜਵਾਨ ਕਿਸਾਨਾਂ ਨੂੰ ਖੇਤੀ ਨਾਲ ਜੋੜਿਆ ਰੱਖਣਾ ਹੈ ਤਾਂ ਫਸਲੀ ਚੱਕਰ ਸਮੇਂ ਦੀ ਮੁੱਖ ਜ਼ਰੂਰਤ ਹੈ। ਇਹ ਨਾ ਸਿਰਫ ਮੌਸਮ ਤੇ ਆਰਥਿਕਤਾ ਦੀ ਸੰਭਾਵਨਾ ਨੂੰ ਵਧਾਉਂਦਾ ਹੈ, ਸਗੋਂ ਪੰਜਾਬ ਨੂੰ ਮੁੜ 'ਹਰੇ ਭਰੇ ਸੂਬੇ' ਵੱਲ ਵਾਪਸ ਲੈ ਜਾਣ ਦਾ ਰਾਹ ਵੀ ਹੈ।

"ਮਿੱਟੀ ਬਚਾਓ, ਪਾਣੀ ਬਚਾਓ,
ਖੇਤੀ ਬਚਾਓ — ਫਸਲੀ ਚੱਕਰ ਲਾਓ"

**-ਸੁਰਿੰਦਰਪਾਲ ਸਿੰਘ, ਵਿਗਿਆਨ ਅਧਿਆਪਕ, ਸ੍ਰੀ ਅੰਮ੍ਰਿਤਸਰ ਸਾਹਿਬ**

# ਪੰਜਾਬ ਵਿਧਾਨ ਸਭਾ ਵਿੱਚ ਸਮਰਸਤਾ ਦੀ ਭਾਵਨਾ ਦਾ ਹੋਇਆ ਕਤਲ, ਰਾਜਨੀਤਿਕ ਪਾਰਟੀਆਂ ਦੋਸ਼ੀ : ਤਲਵਾੜ

**ਹੁਸ਼ਿਆਰਪੁਰ 17 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਵਿਧਾਨ ਸਭਾ ਦੇ ਅੰਦਰ ਵਿਧਾਨ ਸਭਾ ਵਿੱਚ ਪੇਸ਼ ਕੀਤੇ ਗਏ ਬਿੱਲ "ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਐਕਟ, 2025" ਵਿੱਚ ਗੁਰੂ ਰਵਿਦਾਸ ਜੀ ਦੀ ਮੂਰਤੀ ਅਤੇ ਪਵਿੱਤਰ ਗ੍ਰੰਥ ਅੰਮ੍ਰਿਤਵਾਣੀ, ਭਗਵਾਨ ਵਾਲਮੀਕੀ ਜੀ ਦੀ ਮੂਰਤੀ, ਸੰਤ ਕਬੀਰ ਜੀ ਦੀ ਮੂਰਤੀ ਅਤੇ ਸੰਤ ਨਾਭਾ ਦਾਸ ਦੀਆਂ ਮੂਰਤੀ ਦੀ ਬੇਅਦਬੀ ਦੀ ਸਜ਼ਾ ਦਾ ਪ੍ਰਾਵਧਾਨ ਨਾ ਰੱਖ ਕੇ ਗੁਰੂਆਂ ਦੁਆਰਾ ਦਿੱਤੀ ਗਈ ਉਪਦੇਸ਼ ਦੀ ਸਿੱਖਿਆ ਦਾ ਕਤਲ ਕੀਤਾ ਗਿਆ ਹੈ ਇਹ ਦਲਿੱਤ ਸਮਾਜ ਪ੍ਰਤੀ ਨਫ਼ਰਤ ਭਰੀ ਮਾਨਸਿਕਤਾ ਵੀ ਦਰਸਾਉਂਦਾ ਹੈ । ਉਪਰੋਕਤ ਸ਼ਬਦ ਸ਼੍ਰੋਮਣੀ ਅਕਾਲੀ ਦਲ ਦੇ ਨੇਤਾ ਸੰਜੀਵ ਤਲਵਾਰ ਨੇ ਅੱਜ ਸਰਕਾਰ ਦੁਆਰਾ ਪੇਸ਼ ਕੀਤੇ ਗਏ ਬਿੱਲ ਤੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਹੇ।ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਦਲਿੱਤ–ਵਿਰੋਧੀ ਮਾਨਸਿਕਤਾ ਮਾਰਚ 2022 ਵਿੱਚ ਹੀ ਸਾਹਮਣੇ ਆ ਗਈ ਸੀ। ਪੰਜਾਬ ਦੀ ਲਗਭਗ 31% ਦਲਿੱਤ ਆਬਾਦੀ ਦੇ ਵੋਟਾਂ ਲਈ ਅਰਵਿੰਦ ਕੇਜਰੀਵਾਲ ਨੇ ਚੋਣਾਂ ਤੋਂ ਪਹਿਲਾਂ ਐਲਾਨ ਕੀਤਾ ਸੀ ਕਿ ਜੇਕਰ ਪੰਜਾਬ ਵਿੱਚ ਸਰਕਾਰ ਬਣੀ ਤਾਂ ਉਪ–ਮੁੱਖ ਮੰਤਰੀ ਦਲਿੱਤ ਸਮਾਜ ਵਿੱਚੋਂ ਹੋਵੇਗਾ, ਪਰ ਸਰਕਾਰ ਬਣਨ ਤੋਂ ਬਾਅਦ ਉਹਨਾਂ ਨੇ ਇਹ ਵਾਅਦਾ ਪੂਰਾ ਨਹੀਂ ਕੀਤਾ।ਸਾੜ੍ਹੇ ਤਿੰਨ ਸਾਲ ਬੀਤ ਗਏ, ਪਰ ਅਜੇ ਤੱਕ ਕੋਈ ਦਲਿੱਤ ਉਪ–ਮੁੱਖ ਮੰਤਰੀ ਨਹੀਂ ਬਣਾਇਆ ਗਿਆ। ਤਲਵਾਰ ਨੇ ਕਿਹਾ ਇਹ ਹੀ ਨਹੀਂ ਵਿਧਾਨ ਸਭਾ ਦੇ ਅੰਦਰ ਭਾਰਤੀ ਜਨਤਾ ਪਾਰਟੀ ਦੇ ਬੁਲਾਰੇ ਨੇ ਬਿੱਲ ਵਿੱਚ ਇਹਨਾਂ ਸਾਰੀਆਂ ਕਮੀਆਂ ਦੇ ਹੁੰਦੇ ਹੋਏ ਵੀ ਬਿੱਲ ਦਾ ਸਮਰਥਨ ਕੀਤਾ ਇਸ ਨਾਲ ਇਹ ਵੀ ਸਿੱਧ ਹੋ ਜਾਂਦਾ ਹੈ ਕਿ ਇਹਨਾਂ ਬੁਲਾਰਿਆਂ ਦੀ ਮਾਨਸਿਕਤਾ ਪੰਜਾਬ ਵਿਰੋਧੀ ਅਤੇ ਦਲਿਤ ਵਿਰੋਧੀ ਰਹੀ ਹੈ ਉਹਨਾਂ ਕਿਹਾ ਦਲਿਤਾਂ ਦੇ ਨਾਮ ਤੇ ਵੋਟਾਂ ਮੰਗਣ ਵਾਲੀਆਂ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨੇ ਇਸ ਬਿੱਲ ਵਿੱਚ ਇੰਨੀ ਵੱਡੀ ਖਾਮੀ ਨੂੰ ਉਜਾਗਰ ਨਾ ਕਰਕੇ ਸਿਧਾਤਾਂ ਦੇ ਖਿਲਾਫ ਆਪਣੀ ਮਾਨਸਿਕਤਾ ਦਾ ਸਬੂਤ ਦਿੱਤਾ ਹੈ । ਅੱਜ ਦੀਆ ਉਦਾਹਰਣਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਕੇਜਰੀਵਾਲ, ਭਗਵੰਤ ਮਾਨ ਅਤੇ ਉਹਨਾਂ ਦੀ ਪੂਰੀ ਕੈਬਨਿਟ ਤੇ ਬਾਕੀ ਹਾਜ਼ਿਰ ਨੁਮਾਇੰਦੇ ਦਲਿੱਤ–ਵਿਰੋਧੀ ਮਾਨਸਿਕਤਾ ਰੱਖਦੇ ਹਨ। ਇਸ ਲਈ ਵਿਧਾਨਸਭਾ ਵਿੱਚ ਪੇਸ਼ ਕਰਦੇ ਸਮੇਂ "ਪੰਜਾਬ ਦੇ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਐਕਟ 2025" ਵਿੱਚ ਰਵਿਦਾਸੀਆ ਸਮਾਜ, ਵਾਲਮੀਕੀ ਸਮਾਜ, ਕਬੀਰ ਪੰਥ ਅਤੇ ਮਹਾਸ਼ਾ ਸਮੁਦਾਇ ਦੇ ਭਗਵਾਨਾਂ ਅਤੇ ਸੰਤਾਂ ਦੀ ਬੇਅਦਬੀ ਦੀ ਸਜ਼ਾ ਦਾ ਪ੍ਰਾਵਧਾਨ ਨਹੀਂ ਰੱਖਿਆ।